# ਤੁਹਾਡੇ ਇਮਤਿਹਾਨ 2009

ਤੁਹਾਨੂੰ ਕੀ ਜਾਣਨ ਦੀ ਲੋੜ ਹੈ,

ਤੁਹਾਨੂੰ ਕੀ ਕਰਨ ਦੀ ਲੋੜ ਹੈ,

ਅਤੇ ਉਪਰੰਤ ਕੀ ਹੋਵੇਗਾ।

# ਮੁੱਖਬੰਧ

**ਹੁਣ ਫਿਰ ਇਮਤਿਹਾਨਾਂ ਦਾ ਸਮਾਂ ਆਉਣ ਵਾਲਾ ਹੈ। ਇਹ ਕਿਤਾਬਚਾ ਤੁਹਾਨੂੰ ਦਸਦਾ ਹੈ ਕਿ ਤੁਸੀ ਕੀ ਉਮੀਦ ਕਰ ਸਕਦੇ ਹੋ ਅਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਦਸਦਾ ਹੈ ਕਿ ਤੁਹਾਨੂ ਤੁਹਾਡੇ ਨਤੀਜੇ ਅਤੇ ਸਰਟੀਫਿਕੇਟ ਕਿਸ ਤਰ੍ਹਾਂ ਮਿਲਣਗੇ।**

ਜੇ ਤੁਸੀਂ ਪਹਿਲਾਂ ਐਸ.ਕਿਊ.ਏ. (SQA) ਇਮਤਿਹਾਨ ਦੇ ਚੁੱਕੇ ਹੋ, ਤਾਂ ਤੁਹਾਨੂੰ ਪਤਾ ਹੋਵੇਗਾ ਕੀ ਉਮੀਦ ਕਰ ਸਕਦੇ ਹੋ, ਪਰ ਜੇ ਇਹ ਤੁਹਾਡਾ ਪਹਿਲਾ ਮੌਕਾ ਹੈ, ਤਾਂ ਫਿਕਰ ਨਾ ਕਰੋ, ਸ਼ਾਂਤ ਰਹੋ, ਅਤੇ ਆਪਣੀ ਪੂਰੀ ਕੋਸ਼ਿਸ ਕਰੋ। ਇਮਤਿਹਾਨ ਇਹ ਪਤਾ ਕਰਨ ਲਈ ਲਏ ਜਾਂਦੇ ਹਨ ਕਿ ਜਿਨ੍ਹਾਂ ਮਜ਼ਬੂਨਾਂ ਦੀ ਤੁਸੀਂ ਪੜ੍ਹਾਈ ਕੀਤੀ ਹੈ ਉਹ ਕਿੰਨੇ ਚੰਗੀ ਤਰ੍ਹਾਂ ਤੁਸੀਂ ਸਿੱਖੇ ਹਨ, ਅਤੇ ਜਿਹੜਾ ਗਿਆਨ ਅਤੇ ਮੁਹਾਰਤਾਂ ਤੁਸੀਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨੂੰ ਅਮਲੀ ਤੌਰ ਤੇ ਤੁਸੀਂ ਕਿੰਨੀ ਕੁ ਚੰਗੀ ਤਰ੍ਹਾਂ ਲਾਗੂ ਕਰ ਸਕਦੇ ਹੋ।

ਹਰ ਇਮਤਿਹਾਨ ਲਈ ਵੱਧ ਤੋਂ ਵੱਧ ਮਿਹਨਤ ਕਰਕੇ ਤਿਆਰ ਹੋਵੋ। ਜੇ ਤੁਸੀਂ ਇਮਤਿਹਾਨ ਤੋਂ ਪਹਿਲਾਂ ਅਤੇ ਦੌਰਾਨ ਆਪਣੀ ਪੂਰੀ ਕੋਸ਼ਿਸ਼ ਕਰੋਂਗੇ, ਤਾਂ ਕੋਈ ਤੁਹਾਡੇ ਤੋਂ ਇਸ ਤੋਂ ਵੱਧ ਮੰਗ ਨਹੀਂ ਕਰ ਸਕਦਾ।

**ਸ਼ੁੱਭ ਇੱਛਾਵਾਂ!**

# ਤੁਹਾਡੇ ਇਮਤਿਹਾਨਾਂ ਲਈ ਤਿਆਰੀ

**ਸਮਾਂ ਸਾਰਨੀ**
ਅਧਿਕਾਰ ਪ੍ਰਾਪਤ ਇਮਤਿਹਾਨ ਦੀ ਸਮਾਂ ਸਾਰਨੀ ਪਿੱਛਲੇ ਸਾਲ ਸਕੂਲ ਅਤੇ ਕਾਲਜਾਂ ਨੂੰ ਜਾਰੀ ਕੀਤੀ ਗਈ ਸੀ। ਜੇ ਤੁਸੀਂ ਸਮਾਂ ਸਾਰਨੀ ਦੇਖਣਾ ਚਹੁੰਦੇ ਹੈ, ਤਾਂ ਤੁਸੀਂ ਐਸ.ਕਿਊ.ਏ. (SQA) ਦੇ ਵੈਬਸਾਈਟ: www.sqa.org.uk. ਤੇ ਦੇਖ ਸਕਦੇ ਹੋ।

ਇਸ ਕਿਤਾਬਚੇ ਦੇ ਪਿੱਛੇ ਸਮਾਂ ਸਾਰਨੀ ਦਾ ਸੰਖੇਪ ਰੂਪ ਦਿੱਤਾ ਹੋਇਆ ਹੈ। ਇਸ ਵੈਬਸਾਈਟ ਤੋਂ ਤੁਸੀਂ ਖੁੱਦ ਆਪ, ਉਨ੍ਹਾਂ ਮਜ਼ਬੂਨਾਂ ਦੀ ਜਿਨ੍ਹਾਂ ਦਾ ਤੁਸੀ ਇਮਤਿਹਾਨ ਦੇਣਾ ਹੈ, ਨਿੱਜ ਸਮਾਂ ਸਾਰਨੀ ਛਾਪ ਸਕਦੇ ਹੋ — ਪਰ ਕਿਉਂ ਕਿ ਸਕੂਲ ਅਤੇ ਕਾਲਜਾਂ ਨੂੰ ਇਮਤਿਹਾਨ ਦਾ ਅਰੰਭ ਸਮਾਂ ਥੋੜ੍ਹਾ ਜਿਹਾ ਤਬਦੀਲ ਕਰਨ ਦਾ ਅਧਿਕਾਰ ਹੈ, ਕਿਰਪਾ ਕਰਕੇ ਆਪਣੇ ਅਧਿਆਪਕਾਂ ਜਾਂ ਲੈਕਚਰਰਾਂ ਤੋਂ ਦੁਬਾਰਾ ਵੇਰਵੇ ਦੀ ਤਸੱਲੀ ਕਰੋ।

ਤਸੱਲੀ ਕਰੋ ਕਿ ਤੁਹਾਨੂੰ ਪਤਾ ਹੈ, ਕਿ ਤੁਸੀਂ ਕਿਹੜੇ ਇਮਤਿਹਾਨ ਦੇ ਰਹੇ ਹੋ, ਉਹ ਕਿਥੇ ਹੋਣੇ ਹਨ ਅਤੇ ਕਦੋਂ ਅਰੰਭ ਹੋਣੇ ਹਨ। ਇਮਤਿਹਾਨ ਅਰੰਭ ਹੋਣ ਤੋਂ ਘੱਟੋ ਘੱਟ 10 ਮਿੰਟ ਪਹਿਲਾਂ ਤੁਹਾਨੂੰ ਇਮਤਿਹਾਨ ਵਾਲੇ ਕਮਰੇ ਅੰਦਰ ਜਾਣ ਲਈ ਤਿਆਰ ਹੋਣਾ ਚਾਹਿਦਾ ਹੈ।

**ਸਾਜੋ ਸਮਾਨ**
ਤੁਹਾਨੂੰ ਪੱਕੇ ਤੌਰ ਤੇ ਪਤਾ ਕਰਨਾ ਪਵੇਗਾ ਕਿ ਤੁਹਾਨੂੰ ਆਪਣੇ ਸਾਥ ਕੋਈ ਸਾਜੋ ਸਮਾਨ (ਪੈਨ, ਪੈਨਸਲਾਂ, ਕਲਕਿਊਲੇਟਰ ਵਗੈਰਾ) ਲਿਜਾਣ ਦੀ ਲੋੜ ਹੈ ਜਾਂ ਨਹੀਂ। ਤੁਹਾਨੂੰ ਆਪਣਾ ਸਮਾਨ ਉੱਕਾ ਕਿਸੇ ਨਾਲ ਸਾਂਝਾ ਨਹੀਂ ਕਰਨਾ ਚਾਹੀਦਾ।

ਤੁਹਾਨੂੰ ਆਪਣੇ ਇਮਤਿਹਾਨਾਂ ਦਾ ਵੇਰਵਾ ਲਿੱਖਣ ਲਈ ਅਸੀਂ ਇਸ ਕਿਤਾਬਚੇ ਦੇ ਪਿੱਛੇ ਇੱਕ ਸਾਰਨੀ ਮੁਹੱਈਆ ਕੀਤੀ ਹੈ।

ਜੇ ਤੁਸੀਂ ਕੋਈ ਇਮਤਿਹਾਨ ਦੇ ਰਹੇ ਹੋ ਜਿਸ ਵਿੱਚ ਵਸਤੂਪਰਕ ਟੈਸਟ ਸ਼ਾਮਲ ਹੈ, ਜਿਸ ਨੂੰ ਬਹੁ ਚੋਣ ਵੀ ਕਹਿਆ ਜਾਂਦਾ ਹੈ — ਇਹ ਆਮ ਤੌਰ ਤੇ ਸਾਇੰਸ ਦੇ ਮਜ਼ਬੂਨਾਂ ਵਿੱਚ ਹੀ ਹੁੰਦੇ ਹਨ, ਉਦਾਹਰਨ ਵੱਜੋਂ, ਉੱਚੇਰਾ ਜੀਵ ਵਿਗਆਨ (Higher Biology) ਅਤੇ ਉੱਚੇਰਾ ਹਿਸਾਬ (Higher Maths) — ਤਾਂ ਤੁਹਾਨੂੰ ਆਪਣੇ ਜਵਾਬ ਲਿੱਖਣ ਲਈ **ਏਚ.ਬੀ. (HB) ਪੈਨਸਲ** ਦੀ ਜਰੂਰਤ ਹੋਵੇਗੀ। (**ਏਚ.ਬੀ. (HB) ਪੈਨਸਲ** ਲਾਜ਼ਮੀ ਹੈ ਤਾਂ ਕਿ ਅਸੀਂ ਤੁਹਾਡਾ ਪੇਪਰ ਸਕੈਨ ਕਰ ਸਕਈਏ) ਜੇ ਤੁਸੀਂ ਆਪਣਾ ਜਵਾਬ ਬਦਲਨਾ ਚਾਹੁੰਦੇ ਹੋ ਤਾਂ ਤੁਹਾਨੂੰ ਮਿਟਾਉਣ ਵਾਲੀ ਰਬੜ ਦੀ ਵੀ ਲੋੜ ਪਵੇਗੀ।

**ਤੁਹਾਡਾ ਸਕੌਟਿਸ਼ ਪਰੀਖਿਆਰਥੀ ਨੰਬਰ (Scottish Candidate Number)**
ਤੁਹਾਡਾ ਸਕੌਟਿਸ਼ ਪਰਖਿਆਰਥੀ ਨੰਬਰ (ਐਸ.ਸੀ.ਐਨ.) (Scottish Candidate Number (SCN) ਤੁਹਾਡਾ ਨਿੱਜੀ ਜੀਵਨ ਭਰ ਦਾ ਪਰੀਖਿਆਰਥੀ ਨੰਬਰ ਹੈ। ਤੁਹਾਨੂੰ ਇਹ ਨੰਬਰ ਤੁਹਾਡੇ ਇਮਤਿਹਾਨ ਦੇ ਜਵਾਬ ਕਿਤਾਬਚਿਆਂ ਉੱਪਰ ਲਿੱਖਣਾ ਪਵੇਗਾ, ਇਸ ਕਰਕੇ ਇਹ ਜਾਨਣਾ ਬਹੁਤ ਜਰੂਰੀ ਹੈ। ਤੁਹਾਡੇ ਕੇਂਦਰ ਵਿੱਚ ਐਸ.ਕਿਊ.ਏ. (SQA) ਦੇ ਇਮਤਿਹਾਨਾਂ ਲਈ ਜ਼ਿੰਮੇਵਾਰ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਤੁਹਾਡਾ ਸਕੌਟਿਸ਼ ਪਰਖਿਆਰਥੀ ਨੰਬਰ (SCN) ਦਸ ਸਕੇਗਾ।

ਐਸ.ਕਿਊ.ਏ. (SQA) ਹਰ ਸਕੂਲ ਅਤੇ ਕਾਲਜ ਨੂੰ ਸਕੌਟਿਸ਼ ਪਰਖਿਆਰਥੀ ਨੰਬਰ (SCN) ਵਾਲੇ ਕਾਰਡ ਮੁਹੱਈਆ ਕਰਦੀ ਹੈ। ਇਸ ਕਾਰਡ ਨੂੰ ਆਪਣਾ ਸਕੌਟਿਸ਼ ਪਰਖਿਆਰਥੀ ਨੰਬਰ (SCN) ਲਿੱਖਣ ਲਈ ਵਰਤੋ। ਤੁਹਾਨੂੰ ਇਹ ਕਾਰਡ ਇਮਤਿਹਾਨ ਵਾਲੇ ਕਮਰੇ ਅੰਦਰ ਲਿਜਾਣ ਦੀ ਆਗਿਆ ਹੈ।

ਸਾਡੀਆਂ ਕੰਪਿਊਟਰ ਵਰਤਦੀਆਂ ਵਿਵਸਥਾਵਾਂ ਤੁਹਾਡਾ ਸਕੌਟਿਸ਼ ਪਰਖਿਆਰਥੀ ਨੰਬਰ (SCN) ਤੁਹਾਡੇ ਇਮਤਿਹਾਨਾਂ ਵਿੱਚ ਪ੍ਰਾਪਤ ਨੰਬਰ ਅਤੇ ਗ੍ਰੇਡ ਅੰਕਿਤ ਕਰਨ ਲਈ ਅਤੇ ਤੁਹਾਡੀਆਂ ਪਹਿਲੀਆਂ ਯੋਗਤਾਵਾਂ ਲੱਭਣ ਵਾਸਤੇ ਵਰਤ ਦੀਆਂ ਹਨ ਤਾਂ ਕਿ ਤੁਹਾਡਾ ਸਰਟੀਫਿਕੇਟ ਆਧੁਨਿਕ ਅਤੇ ਸੰਪੂਰਨ ਰੱਖਿਆ ਜਾ ਸਕੇ।

ਯਕੀਨੀ ਬਣਾਉ ਕਿ ਤੁਹਾਨੂੰ ਤੁਹਡਾ ਸਕੌਟਿਸ਼ ਪਰਖਿਆਰਥੀ ਨੰਬਰ (ਸ਼ਚਣ) ਪਤਾ ਹੈ ਅਤੇ ਇਸ ਨੂੰ ਸਹੀ ਤੌਰ ਤੇ ਵਰਤੋ (ਜਾਂ ਯਾਦ ਕਰਾਉਣ ਲਈ ਆਪਣਾ ਸਕੌਟਿਸ਼ ਪਰਖਿਆਰਥੀ ਨੰਬਰ (ਸ਼ਚਣ) ਕਾਰਡ ਕੋਲ ਰੱਖੋ)।

**ਤੁਹਾਡਾ ਨਾਂ ਅਤੇ ਵੇਰਵਾ**

ਯਕੀਨੀ ਬਣਾਓ ਕਿ ਤੁਹਾਡੇ ਸਕੂਲ ਜਾਂ ਕਾਲਜ ਕੋਲ ਤੁਹਾਡਾ ਸਹੀ ਨਿੱਜੀ ਵੇਰਵਾ ਮੌਜੂਦ ਹੈ - ਜਿਸ ਵਿੱਚ ਤੁਹਾਡਾ ਸਕੌਟਿਸ਼ ਪਰੀਖਿਆਰਥੀ ਨੰਬਰ (ਸ਼ਚਣ) ਵੀ ਸ਼ਾਮਲ ਹੈ। ਜੇ ਤੁਹਾਡੇ ਕੋਲ ਮਾਈ.ਐਸ.ਕਿਊ.ਏ (MySQA) ਖਾਤਾ ਹੈ, ਤਾਂ ਤੁਸੀਂ ਉਥੇ ਆਪਣਾ ਨਿੱਜੀ ਵੇਰਵਾ ਦੇਖ ਸਕਦੇ ਹੋ। ਯਕੀਨੀ ਬਾਣਾਓ ਕਿ ਉਨ੍ਹਾਂ ਕੋਲ ਤੁਹਾਡਾ ਉਹ ਨਾਂ ਲਿੱਖਿਆ ਹੋਇਆ ਹੈ ਜੋ ਤੁਸੀਂ ਤੁਹਾਡੇ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (Scottish Qualifications Certificate (SQC) ਉੱਪਰ ਲਿਖਿਆ ਦੇਖਣਾ ਚਾਹੁੰਦੇ ਹੋ, ਅਤੇ ਉਹ ਪਤਾ ਮੌਜੂਦ ਹੋਵੇ ਜਿਸ ਤੋਂ ਤੁਸੀਂ ਆਪਣੇ ਨਤੀਜੇ ਪ੍ਰਾਪਤ ਕਰਨਾ ਚਾਹੁੰਦੇ ਹੋ।

ਜੇ ਤੁਸੀਂ ਆਪਣਾ ਪੱਕਾ ਪਤਾ ਆਪਣੇ ਸਰਟੀਫਿਕੇਟ ਪਾਹੁੰਚਣ ਤੋਂ ਪਹਿਲਾਂ ਕਿਸੇ ਸਮੇਂ ਬਦਲ ਲੈਂਦੇ ਹੋ, ਤਾਂ ਪੱਕੇ ਤੌਰ ਤੇ ਸਕੂਲ ਜਾਂ ਕਾਲਜ ਨੂੰ ਫੌਰਨ ਇਤਲਾਹ ਦਿਓ।

ਜੇ ਤੁਸੀਂ ਆਪਣਾ ਨਾਂ ਕਿਸੇ ਤਰ੍ਹਾਂ ਬਦਲੋਂ ਤਾਂ ਆਪਣੇ ਸਕੂਲ ਜਾਂ ਕਾਲਜ ਨੂੰ ਸਾਨੂੰ ਨਵੀਂ ਜਾਣਕਾਰੀ ਭੇਜਣ ਲਈ ਬੇਨਤੀ ਕਰੋ।

**ਕੋਰਸ ਦਾ ਕੰਮ**

**(ਜਾਂਚ, ਪ੍ਰੋਜੈਕਟ, ਅੰਕਿਤ ਰਿਕਾਰਡ ਆਦਿ)**

ਇਹ ਪਤਾ ਕਰਨਾ (ਤੁਹਾਡੇ ਅਧਿਆਪਕ ਜਾਂ ਲੈਕਚਰਾਰ ਤੋਂ) ਕਿ ਤੁਹਾਡੇ ਮਜ਼ਬੂਨ ਵਿੱਚ ਬੋਲਣ ਜਾਂ ਅਭਿਆਸੀ ਟੈਸਟ ਦੇਣਾ ਜਾਂ ਕੋਰਸ ਦਾ ਕੰਮ ਪੇਸ਼ ਕਰਨਾ ਸ਼ਾਮਲ ਹੈ ਜਾਂ ਨਹੀਂ ਤੁਹਾਡੀ ਜ਼ਿੰਮੇਦਾਰੀ ਹੈ। ਜੇ ਟੈਸਟ ਹੋਇਆ ਤਾਂ ਤੁਸੀਂ ਨਾ ਕੀਤਾ ਜਾਂ ਤੁਸੀਂ ਲੋੜੀਂਦਾ ਕੋਰਸ ਦਾ ਕੰਮ ਨਾ ਪੇਸ਼ ਕੀਤਾ, ਤਾਂ ਆਮ ਤੌਰ ਤੇ ਤੁਹਾਨੂੰ ਕੋਰਸ ਦੇ ਉਸ ਹਿੱਸੇ ਦੇ ਮੁਲਾਂਕਣ ਲਈ ਕੋਈ ਨੰਬਰ ਨਹੀਂ ਮਿਲੇਗਾ ਅਤੇ ਸਟੈਂਡਰਡ ਗ੍ਰੇਡ (Standard Grade) ਦੇ ਮਜ਼ਬੂਨਾਂ ਵਿੱਚ ਤੁਹਾਨੂੰ ਯੋਗਤਾ ਦਾ ਸਮੁੱਚਾ ਨਿਰਨਾ ਨਹੀਂ ਪ੍ਰਾਪਤ ਹੋਵੇਗਾ।

ਕੋਰਸ ਦਾ ਜੋ ਕੰਮ ਤੁਸੀਂ ਮੁਲਾਂਕਣ ਲਈ ਪੇਸ਼ ਕਰੋ ਉਹ ਤੁਹਾਡਾ ਅਪਣਾ ਹੋਣਾ ਜਰੂਰੀ ਹੈ। ਸਤੰਬਰ 2008 ਵਿੱਚ ਤੁਹਾਡੇ ਸਕੂਲ ਜਾਂ ਕਾਲਜ ਨੂੰ ਤੁਹਾਨੂੰ, *ਤੁਹਾਡਾ ਕੋਰਸ ਦਾ ਕੰਮ 2009: ਪਰੀਖਿਆਰਥੀਆਂ ਲਈ ਰਾਹਬਰ* (*Your Coursework 2009: a guide for candidates)* ਨਾਮੀ ਪਰਚੇ ਦੀ ਕਾਪੀ ਦਿੱਤੀ ਹੋਣੀ ਚਾਹੀਦੀ ਹੈ ਜੋ ਸਮਝਾਉਂਦੀ ਹੈ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣਾ ਕੋਈ ਵੀ ਕੋਰਸ ਦਾ ਕੰਮ ਪੇਸ਼ ਕਰਨ ਤੋਂ ਪਹਿਲਾਂ ਪੱਕੇ ਤੌਰ ਤੇ ਇਹ ਪਰਚਾ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ ਅਤੇ ਜਿੱਥੇ ਮੰਗ ਕੀਤੀ ਗਈ ਹੋਵੇ ਤੁਸੀਂ ਉਪਰਲੇ ਪੰਨੇ (ਫਲਾਈਲੀਫ)ਤੇ ਦਸਤਖ਼ਤ ਕੀਤੇ ਹਨ ਜਿਸ ਨੂੰ ਤੁਹਾਡੇ ਕੰਮ ਦੀ ਪਛਾਣ ਕਰਨ ਲਈ ਵਰਤਿਆ ਜਾਂਦਾ ਹੈ। ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਪੱਕੇ ਤੌਰ ਤੇ ਨਹੀਂ ਪਤਾ ਜਾਂ ਸਮਝ ਨਹੀਂ ਲੱਗਦੀ ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨੂੰ ਪੁੱਛਣਾ ਬਹੁਤ ਜਰੂਰੀ ਹੈ।

**ਕਲਾ ਅਤੇ ਡੀਜ਼ਾਇਨ ਦੇ ਅਭਿਆਸੀ ਇਮਤਿਹਾਨ**

ਤੁਹਾਡਾ ਕਲਾ ਦਾ ਅਧਿਆਪਕ ਤੁਹਾਨੂੰ ਦੱਸੇਗਾ ਕਿ ਇਹ ਇਮਤਿਹਾਨ ਕੱਦੋਂ ਹੋਣੇਂ ਹਨ। ਤੁਸੀਂ ਇਹ ਜਾਣਕਾਰੀ ਇਸ ਕਿਤਾਬਚੇ ਦੇ ਪਿੱਛੇ ਸਾਰਨੀ ਵਿੱਚ ਸ਼ਾਮਲ ਕਰ ਸਕਦੇ ਹੋ।

# ਤੁਹਾਡੇ ਇਮਤਿਹਾਨਾਂ ਦੌਰਾਨ

**ਨਿਗਰਾਨ (Invigilators)**
ਐਸ.ਕਿਊ.ਏ. (ਸ਼ਵਾ) ਦੀ ਤਰਫੋਂ ਇਮਤਿਹਾਨਾਂ ਦੀ ਨਿਗਰਾਨੀ ਕਰਨ ਵਾਲੇ ਵਿਅਕਤੀਆਂ ਨੂੰ 'ਨਿਗਰਾਨ' ('Invigilators') ਆਖਦੇ ਹਨ। ਨਿਗਰਾਨ, ਸਕੂਲ ਜਾਂ ਕਾਲਜ ਦੇ ਵਿਭਾਗੀ ਕਰਮਚਾਰੀ ਨਹੀਂ ਹੁੰਦੇ। ਉਨ੍ਹਾਂ ਦਾ ਕੰਮ ਇਮਤਿਹਾਨ ਦੇ ਕਮਰੇ ਵਿੱਚ ਰਹਿ ਕੇ ਯਕੀਨੀ ਬਣਾਉਣਾ ਹੈ ਕਿ ਇਮਤਿਹਾਨ ਨਿਯਮਾਂ ਅਨੁਸਾਰ ਹੁੰਦੇ ਹਨ ਅਤੇ ਨਿਯਮ ਨਿਆਂਕਾਰੀ ਢੰਗ ਨਾਲ ਲਾਗੂ ਕੀਤੇ ਜਾਂਦੇ ਹਨ।

**ਡੈਸਕ**
ਬਹੁਤੇ ਸਕੂਲਾਂ ਅਤੇ ਕਾਲਜਾਂ ਵਿੱਚ ਤੁਹਾਨੂੰ ਹਰ ਇੱਕ ਇਮਤਿਹਾਨ ਲਈ ਡੈਸਕ ਜਾਂ ਕੁਰਸੀ ਨੰਬਰ ਨਿਯੁੱਕਤ ਕੀਤਾ ਜਾਵੇਗਾ। ਇਮਤਿਹਾਨ ਤੋਂ ਪਹਿਲਾਂ ਇਸ ਬਾਰੇ ਪੱਕੇ ਤੌਰ ਤੇ ਪਤਾ ਕਰੋ।

ਇਹ ਖਾਸ ਤੌਰ ਤੇ ਮਹਤੱਵਪੂਰਨ ਹੈ ਕਿ ਜੇ ਤੁਸੀਂ ਵਸਤੂਪਰਕ ਵਾਲਾ ਕੋਈ ਇਮਤਿਹਾਨ ਦੇ ਰਹੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਨਿਯੁੱਕਤ ਕੀਤੇ ਡੈਸਕ ਤੇ ਬੈਠਣਾ ਚਾਹੀਦਾ ਹੈ। ਇਹ ਇਸ ਕਰਕੇ ਹੈ ਕਿ ਇਨ੍ਹਾਂ ਇਮਤਿਹਾਨਾਂ ਵਿੱਚ ਤੁਹਾਨੂੰ ਤੁਹਾਡੀ ਨਿੱਜੀ ਉੱਤਰ ਸ਼ੀਟ ਦਿੱਤੀ ਜਾਵੇਗੀ ਜਿਸ ਉੱਪਰ ਪਹਿਲਾਂ ਹੀ ਤੁਹਾਡਾ ਨਾਂ, ਸਕੌਟਿਸ਼ ਪਰੀਖਿਆਰਥੀ ਨੰਬਰ (ਸ਼ਚਣ) ਅਤੇ ਕੇਂਦਰ ਵੇਰਵਾ ਛਾਪਿਆ ਹੋਵੇਗਾ। ਇਮਿਤਿਹਾਨ ਅਰੰਭ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਵੇਰਵੇ ਦੇ ਸਹੀ ਹੋਣ ਦੀ ਪੁਸ਼ਟੀ ਕਰਨ ਲਈ ਬੇਨਤੀ ਕੀਤੀ ਜਾਵੇਗੀ।

**ਜੇ ਤੁਹਾਨੂੰ ਦੇਰ ਹੋ ਗਈ**
ਜੇ ਤੁਸੀਂ ਇਮਤਿਹਨ ਲਈ ਦੇਰ ਨਾਲ ਪਹੁੰਚੇ, ਤਾਂ ਤੁਹਾਨੂੰ ਤੁਹਾਡੇ ਕੇਂਦਰ ਵਿੱਚ ਐਸ.ਕਿਊ.ਏ. (ਸ਼ਵਾ) ਦੇ ਇਮਤਿਹਾਨਾਂ ਲਈ ਜ਼ਿੰਮੇਵਾਰ ਅਧਿਆਪਕ ਜਾਂ ਲੈਕਚਰਾਰ ਨੂੰ ਇਤਲਾਹ ਦੇਣੀ ਚਾਹੀਦੀ ਹੈ, ਜੋ ਫੈਸਲਾ ਕਰੇਗਾ ਕਿ ਤੁਸੀਂ ਇਮਤਿਹਾਨ ਵਾਲੇ ਕਮਰੇ ਅੰਦਰ ਦਾਖਲ ਹੋ ਸਕਦੇ ਹੋ ਜਾਂ ਨਹੀਂ। ਜੇ ਤੁਹਾਨੂੰ ਉਸ ਕਮਰੇ ਵਿੱਚ ਜਾਣ ਦੀ ਆਗਿਆ ਨਾ ਦਿੱਤੀ, ਤੁਹਾਡੇ ਦੇਰ ਨਾਲ ਪਹੁੰਚਣ ਦੇ ਕਾਰਨ ਐਸ.ਕਿਊ.ਏ. (ਸ਼ਵਾ) ਨੂੰ ਦੱਸੇ ਜਾਣਗੇ ਅਤੇ ਵਿਚਾਰ ਅਧੀਨ ਕੀਤੇ ਜਾ ਸਕਦੇ ਹਨ।

**ਇਮਤਿਹਾਨ ਕਮਰੇ ਵਿੱਚ**

| **ਇਮਤਿਹਾਨ ਦੌਰਾਨ ਤੁਸੀਂ ਇਹ ਚੀਜ਼ਾਂ ਆਪਣੇ ਕੋਲ ਨਹੀਂ ਰੱਖ ਸਕਦੇ:** |
|---|
| • **ਮੋਬਾਈਲ ਫ਼ੋਨ/ਵਾਪ ਯੋਗਤਾ ਵਾਲੇ ਫ਼ੋਨ**<br>• **ਸੰਗੀਤ/ਐਮ.ਪੀ.3 (MP3) ਪਲੇਅਰ**<br>• **ਕੈਲਕਿਊਲੇਟਰ ਜਾਂ ਈਲੈਕਟਰੋਨਿਕ ਸ਼ਬਦਕੋਸ਼ ਜਿਸ ਵਿੱਚ ਅਣ ਉਚਿੱਤ ਜਾਣਕਾਰੀ ਸ਼ਾਮਲ ਹੋਵੇ**<br>• **ਕੈਲਕਿਊਲੇਟਰ ਕੇਸ**<br>• **ਸ਼ਬਦਜੋੜ ਜਾਂਚਕਾਰ (spellchecker)**<br>• **ਪੈਨਸਲ ਕੇਸ**<br>• **ਕਿਤਾਬਾਂ, ਲਿੱਖਤਾਂ, ਤਸਵੀਰਾਂ, ਹਰ ਪ੍ਰਕਾਰ ਦੇ ਕਾਗਜ਼ ਜਾਂ ਹੋਰ ਸੱਭ ਅਣ ਅਧਿਕਰਿਤ ਸਹਾਇਕ ਜੰਤਰ** |

ਇਹ ਜਾਂਚ ਕਰੋ ਕਿ ਜੋ ਇਮਤਿਹਾਨ ਪੇਪਰ ਤੁਹਾਨੂੰ ਦਿੱਤਾ ਗਿਆ ਹੈ ਉਹ ਸਹੀ ਹੈ। ਜੇ ਇਹ ਉਹ ਪੇਪਰ ਨਹੀਂ ਜਿਸ ਦੀ ਤੁਹਾਨੂੰ ਆਸ ਸੀ ਤਾਂ ਕ੍ਰਿਪਾ ਕਰਕੇ ਨਿਗਰਾਨ ਨੂੰ ਦੱਸੋ। ਹਰ ਪ੍ਰਸ਼ਨ ਪੇਪਰ ਦੇ ਮੁੱਢ ਵਿੱਚ ਲਿੱਖੀਆਂ ਹਿਦਾਇਤਾਂ ਪੜ੍ਹੋ ਅਤੇ ਯਕੀਨੀ ਕਰੋ ਕਿ ਤੁਸੀਂ ਉਨ੍ਹਾਂ ਦੀ ਸਾਵਧਾਨੀ ਨਾਲ ਪਾਲਨਾ ਕਰਦੇ ਹੋ।

ਤੁਹਾਨੂੰ ਇਮਤਿਹਾਨ ਪੇਪਰ ਜਾਂ ਕਿਤਾਬਚੇ ਅੱਗੇ ਆਪਣਾ ਮੁਕੰਮਲ ਵੇਰਵਾ ਲਿੱਖਣਾ ਚਾਹੀਦਾ ਹੈ।

ਜੇ ਤੁਹਾਨੂੰ ਹੋਰ ਪੇਪਰ ਚਾਹੀਦਾ ਹੋਵੇ, ਤਾਂ ਨਿਗਰਾਨ ਨੂੰ ਪੁੱਛੋ। ਪੇਪਰ ਇਮਤਿਹਾਨ ਦੇ ਅੰਤ ਵਿੱਚ ਆਪਣਾ ਨਾਂ, ਸਕੌਟਿਸ਼ ਪਰੀਖਿਆਰਥੀ ਨੰਬਰ (SCN) ਅਤੇ ਸਕੂਲ ਜਾਂ ਕਾਲਜ ਦਾ ਨਾਂ ਇਸ ਤੇ ਲਿੱਖਣਾ ਯਾਦ ਰੱਖੋ। ਵਾਧੂ ਸ਼ੀਟਾਂ ਆਪਣੀ ਉੱਤਰ ਕਾਪੀ ਵਿੱਚ ਪਾ ਦਿਓ।

ਖਾਸ ਇਮਤਿਹਾਨਾਂ ਵਿੱਚ ਤੁਸੀਂ ਆਪਣਾ ਕੈਲਕਿਊਲੇਟਰ ਵਰਤ ਸਕਦੇ ਹੋ। ਤੁਹਾਡਾ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਸਲਾਹ ਦੇ ਸਕੇਗਾ। ਇਹ ਤੁਹਾਨੂੰ ਹੋਰ ਕਿਸੇ ਨਾਲ ਸਾਂਝਾ ਨਹੀਂ ਕਰਨਾ ਚਾਹੀਦਾ।

**ਪ੍ਰਸ਼ਨ ਪੇਪਰ ਵਿੱਚ ਖਾਲ੍ਹੀ ਪੰਨੇ**

ਪ੍ਰਸ਼ਨ ਪੇਪਰ ਵਿੱਚ ਪੰਨੇ ਜਿਨ੍ਹਾਂ ਉੱਪਰ ਸਵਾਲ ਜਾਂ ਨਿਰਦੇਸ਼ ਨਾ ਲਿੱਖੇ ਹੋਣ **ਖਾਲ੍ਹੀ ਪੰਨਾ** (BLANK PAGE) ਗੂੜ੍ਹੇ ਸ਼ਬਦਾਂ ਵਿੱਚ ਪੰਨੇ ਦੇ ਗੱਭੇ ਲਿੱਖੇ ਹੋਣੇਗੇ । ਜੇ ਤੁਹਾਨੂੰ ਕੋਈ ਪੰਨਾ ਲੱਭਿਆ ਜੋ ਬਿਲਕੁੱਲ ਖਾਲ੍ਹੀ ਹੋਵੇ, ਤਾਂ ਕਿਰਪਾ ਕਰਕੇ ਇਹ ਨਿਗਰਾਨ ਦੇ ਧਿਆਨ ਵਿੱਚ ਲਿਆਓ।

ਪ੍ਰਸ਼ਨ ਪੇਪਰ ਉਥੇ੍ ਖਤਮ ਹੋ ਜਾਂਦਾ ਹੈ ਜਿੱਥੇ੍ ਤੁਹਾਨੂੰ **ਪ੍ਰਸ਼ਨ ਪੇਪਰ ਸਮਾਪਤ (END OF QUESTION PAPER)** ਸ਼ਬਦ ਨਜ਼ਰ ਆਉਣ।

# ਤੁਹਾਡਾ ਵਿਹਾਰ

**ਆਪਣੇ ਉੱਤਰ ਲਿੱਖਣੇ**

ਕਾਲਾ ਜਾਂ ਸਿਆਹ ਪੈੱਨ ਵਰਤੋ ਅਤੇ ਸਾਫ ਸੁੱਥਰਾ ਤੇ ਪੜ੍ਹਨਯੋਗ ਲਿੱਖੋ। ਵਾਸਤਵਕ ਇਮਤਿਹਾਨਾ, ਰੇਖ਼ਾ ਚਿੱਤਰ ਤੇ ਗਰਾਫ ਜਾਂ ਕੱਚੇ ਕੰਮ ਲਈ ਕੇਵਲ ਪੈਨਸਲ ਹੀ ਵਰਤੋ। ਕੁੱਝ ਟੈਸਟਾਂ ਵਿੱਚ ਗੈਰ-ਸਾਫ਼ ਸੁੱਥਰੀ ਜਾਂ ਨਾਪੜ੍ਹਨਯੋਗ ਲਿੱਖਾਈ, ਸ਼ਬਦਜੋੜ ਜਾਂ ਵਿਸ਼ਰਾਮ ਵਿੱਚ ਗਲਤੀਆਂ ਹੋਣ ਕਾਰਨ ਨੰਬਰ ਕੱਟੇ ਜਾ ਸਕਦੇ ਹਨ। ਤੁਹਾਨੂੰ ਆਪਣੇ ਕਿਸੇ ਵੀ ਉੱਤਰ ਵਿੱਚ ਟੈਕਸਟ ਦੀ ਭਾਸ਼ਾ ਨਹੀਂ ਵਰਤਣੀ ਚਾਹੀਦੀ। ਲਾਈਨਾਂ ਤੋਂ ਬਗੈਰ ਪੇਪਰ ਉੱਪਰ ਲਿੱਖਣ ਸਮੇਂ, ਹਰ ਲਿੱਖੀ ਲਾਈਨ ਵਿੱਚਕਾਰ ਕਰੀਬ ਇੱਕ ਸੈਂਟੀਮੀਟਰ ਥਾਂ ਛੱਡਣ ਦੀ ਕੋਸ਼ਿਸ ਕਰੋ।

**ਅੰਕੜੇ ਕਿਤਾਬਚੇ**

ਜਦੋਂ ਇਹ ਇਮਤਿਹਾਨ ਦਾ ਹਿੱਸਾ ਹੋਣ ਤੁਹਾਨੂੰ ਟੇਬਲ ਜਾਂ ਅੰਕੜਿਆ ਦੇ ਕਿਤਾਬਚੇ ਦਿੱਤੇ ਜਾਣਗੇ, ਪਰ ਤੁਹਾਨੂੰ ਇਨ੍ਹਾਂ ਉੱਪਰ ਕੁੱਝ ਵੀ ਲਿੱਖਣਾ ਨਹੀਂ ਚਾਹੀਦਾ ਅਤੇ ਇਮਤਿਹਾਨ ਕਮਰੇ ਵਿੱਚੋਂ ਬਾਹਰ ਨਹੀਂ ਲਿਜਾਣੇ ਚਾਹੀਦੇ।

**ਕੱਚਾ ਕੰਮ**

ਰੱਦੀ ਪੇਪਰ ਨਾ ਵਰਤੋ — ਸੱਭ ਕੱਚਾ ਕੰਮ ਮੁਹੱਈਆ ਕੀਤੀ ਉੱਤਰ ਕਿਤਾਬ ਵਿੱਚ ਕਰਨਾ ਚਾਹੀਦਾ ਹੈ।

ਆਖਰੀ ਕਾਪੀ ਤਿਆਰ ਕਰਨ ਉਪਰੰਤ ਯਾਦ ਨਾਲ ਕੱਚੇ ਕੰਮ ਤੇ ਲਕੀਰ ਫੇਰ ਦਿਓ।

**ਇਮਤਿਹਾਨ ਕਮਰੇ ਵਿੱਚੋਂ ਬਾਹਰ ਜਾਣਾ**

ਤੁਹਾਨੂੰ ਇਮਤਿਹਾਨ ਖਤਮ ਹੋਣ ਤੱਕ ਕਮਰੇ ਵਿੱਚ ਰਹਿਣਾ ਚਾਹੀਦਾ ਹੈ, ਪਰ ਜੇ ਤੁਸੀਂ ਜਿਨ੍ਹਾਂ ਪੇਪਰ ਕਰ ਸਕਦੇ ਹੋ ਕਰ ਲਿਆ ਹੈ, ਤਾਂ ਨਿਗਰਾਨ ਤੁਹਾਨੂੰ ਅੱਧੇ ਘੰਟੇ ਬਾਦ (ਜਿੱਥੇ ਇਮਤਿਹਾਨ ਇੱਕ ਘੰਟੇ ਤੋਂ ਵੱਧ ਸਮੇਂ ਲਈ ਨਿਸਚਿੱਤ ਹੈ) ਜਾਂ 20 ਮਿੰਟਾਂ ਬਾਦ (ਜੇ ਇਮਤਿਹਾਨ ਇੱਕ ਘੰਟੇ ਜਾਂ ਘੱਟ ਸਮੇਂ ਲਈ ਨਿਸਚਿੱਤ ਹੈ) ਜਾਣ ਦੀ ਆਗਿਆ ਦੇ ਸਕਦਾ ਹੈ। ਜਾਣ ਤੋਂ ਪਹਿਲਾਂ, ਤੁਹਾਨੂੰ ਆਪਣੀ ਉੱਤਰ ਕਾਪੀ ਅਤੇ ਸਵਾਲ ਪੇਪਰ ਨਿਗਰਾਨ ਨੂੰ ਦੇਣਾ ਚਾਹੀਦਾ ਹੈ, ਭਾਵੇਂ ਵਿੱਚ ਕੁੱਝ ਵੀ ਹੋਵੇ — ਨਹੀਂ ਤਾਂ, ਤੁਹਾਡੇ ਸੰਬੰਧਿਤ ਪੇਪਰ ਵਿੱਚੋਂ ਸਾਰੇ ਹੀ ਨੰਬਰ ਕੱਟੇ ਜਾ ਸਕਦੇ ਹਨ।

ਜੇ ਤੁਹਾਡੀ ਸਿਹਤ ਠੀਕ ਨਾ ਹੋਵੇ ਜਾਂ ਪ੍ਰੇਸ਼ਾਨ ਹੋਵੋਂ, ਤਾਂ ਨਿਗਰਾਨ ਨੂੰ ਦੱਸੋ ਜੋ ਤੁਹਾਡੇ ਕਮਰੇ ਵਿੱਚੋਂ ਬਾਹਰ ਜਾਣ ਦਾ ਪ੍ਰਬੰਧ ਕਰ ਸਕਦਾ ਹੈ।

**ਗੈਰ-ਹਾਜ਼ਰੀ**

ਜੇ ਬਿਮਾਰੀ ਜਾਂ ਹੋਰ ਕਿਸੇ ਚੰਗੇ ਕਾਰਨ ਕਰਕੇ ਤੁਸੀਂ ਇਮਤਿਹਾਨ, ਜਾਂ ਇਸ ਦਾ ਕੋਈ ਹਿੱਸਾ, ਨਹੀਂ ਦੇ ਸਕਦੇ, ਤਾਂ ਤੁਹਾਨੂੰ ਇਸ ਦੀ ਆਪਣੇ ਸਕੂਲ ਜਾਂ ਕਾਲਜ ਨੂੰ ਜਲਦੀ ਤੋ ਜਲਦੀ ਇਤਲਾਹ ਦੇਣੀ ਚਾਹੀਦੀ ਹੈ। ਇਮਤਿਹਾਨ ਵਾਲੇ ਦਿਨ ਲਈ ਮੈਡੀਕਲ ਸਰਟੀਫਿਕੇਟ ਤੁਹਾਡੇ ਸਕੂਲ ਜਾਂ ਕਾਲਜ ਨੂੰ ਦੇਣਾ ਚਾਹੀਦਾ ਹੈ।

ਜੇ ਤੁਸੀਂ ਇਮਤਿਹਾਨ ਦੌਰਾਨ ਬਿਮਾਰ ਹੋ ਜਾਓਂ, ਤੇ ਤੁਹਾਡਾ ਸਕੂਲ ਜਾਂ ਕਾਲਜ ਸਾਨੂੰ ਇਤਲਾਹ ਦੇ ਦੇਵੇ ਤਾਂ ਤੁਹਾਨੂੰ ਮੈਡੀਕਲ ਸਰਟੀਫਿਕੇਟ ਦੇਣ ਦੀ ਲੋੜ ਨਹੀਂ ਪਵੇਗੀ।

**ਅਣ ਉਚਿੱਤ ਵਿਹਾਰ**

ਸੱਭ ਅਣ ਉਚਿੱਤ ਵਿਹਾਰ ਅਤੇ ਸਰਗਰਮੀਆਂ ਜੋ ਇਮਤਿਹਾਨ ਦੌਰਾਨ ਗੜ ਬੜ ਪੈਦਾ ਕਰਨ, ਦੀ ਐਸ.ਕਿਊ.ਏ. (SQA) ਨੂੰ ਇਤਲਾਹ ਦਿੱਤੀ ਜਾਵੇਗੀ ਅਤੇ ਜਾਂਚ ਕੀਤੀ ਜਾਵੇਗੀ। ਤੁਹਾਨੂੰ ਚਿਤਾਵਨੀ ਦਿੱਤੀ ਜਾ ਸਕਦੀ ਹੈ, ਤੁਹਾਡਾ ਮੁਲਾਂਕਣ ਪ੍ਰਤੀ ਅਪੀਲ ਕਰਨ ਦਾ ਹੱਕ ਖੋਹਿਆ ਜਾ ਸਕਦਾ ਹੈ, ਤੁਹਾਡੇ ਨੰਬਰ ਕੱਟੇ ਜਾ ਸਕਦੇ ਹਨ, ਤੁਹਾਡੇ ਇਮਤਿਹਾਨ ਵਿੱਚ ਸੰਬੰਧਿਤ ਮਜ਼ਬੂਨ ਦਾ ਦਾਖਲਾ ਮਨਸੂਖ ਕੀਤਾ ਜਾ ਸਕਦਾ ਹੈ ਜਾਂ ਗੰਭੀਰ ਸਥਿਤੀਆਂ ਵਿੱਚ, ਜਿਹੜੇ ਇਮਤਿਹਾਨ ਤੁਸੇ ਦੇ ਰਹੇ ਹੋ ਉਨ੍ਹਾਂ ਸੱਭ ਦੇ ਦਾਖਲੇ ਮਨਸੂਖ ਕੀਤੇ ਜਾ ਸਕਦੇ ਹਨ।

| ਅਣ ਉਚਿੱਤ ਵਿਹਾਰ ਦੀਆਂ ਉਦਾਹਰਨਾਂ ਇਹ ਹਨ:: | |
|---|---|
| • ਇਮਤਿਹਾਨ ਕਮਰੇ ਵਿੱਚ ਅਣ ਅਧਿਕਰਤਿ ਸਮੱਗਰੀ ਦੀ ਵਰਤੋਂ ( ਜਿਸ ਵਿੱਚ ਲਿੱਖਤਾਂ, ਸ਼ਬਦਕੋਸ਼, ਡਿਜੀਟਲ ਸੁਣਨ ਵਾਲੇ ਜੰਤਰ, ਮੋਬਾਇਲ ਫ਼ੋਨਾਂ ਦੀ ਵਰਤੋਂ ਆਦਿ ਵੀ ਸ਼ਾਮਲ ਹੈ) | • ਇਮਤਿਹਾਨ ਕਮਰੇ ਵਿੱਚ ਗੜ ਬੜ ਕਰਨੀ |
| — ਗੈਰ-ਕਲਕਿਊਲੇਟਰ ਪੇਪਰ ਵਿੱਚ ਕਲਕਿਊਲੇਟਰ ਦੀ ਵਰਤੋਂ | • ਤੁਹਾਡੀਆਂ ਉੱਤਰ ਕਿਤਾਬਾਂ ਜਾਂ ਕੋਰਸ ਦੇ ਕੰਮ ਵਿੱਚ ਹੋਛੀ ਜਾਂ ਅਪਮਾਨਜਨਕ ਭਾਸ਼ਾ ਦੀ ਵਰਤੋਂ ਉਦਾਹਰਨ ਵੱਜੋਂ ਅਸ਼ਲੀਲਤਾ, ਗਾਲ੍ਹਾਂ ਕੱਡਣੀਆਂ, ਵਿੱਤਕਰਾ (ਜਿਸ ਵਿੱਚ ਲਿੰਗੀ ਵਿੱਤਕਰੇ ਨਸਲੀ ਅਤੇ ਸਮਲਿੰਗੀ ਵਿੱਤਕਰੇ ਦੇ ਤੱਤ ਸ਼ਾਮਲ ਹਨ) |
| — ਗੈਰਮਨਜ਼ੂਰ ਸਹੂਲਤਾਂ ਵਾਲੇ ਕਲਕਿਊਲੇਟਰ ਦੀ ਵਰਤੋਂ, ਉਦਾਹਰਨ ਵੱਜੋਂ ਅੰਕੜੇ ਜਾਂ ਲਿੱਖਤ ਵਿੱਚ ਰੱਖਣ ਦੀ ਸਹੂਲਤ ਵਾਲਾ, ਕੰਪਿਊਟਰ ਅਲਜੈਬਰਾ (CAS) | • ਦੂਜੇ ਪਰੀਖਿਆਰਥੀ ਦੀ ਨਕਲ ਕਰਨੀ |
| • ਮੁਲਾਂਕਣ ਵਿੱਚ ਕਿਸੇ ਹੋਰ ਵੱਜੋਂ ਪੇਸ਼ ਹੋਣਾ/ ਕਿਸੇ ਹੋਰ ਨੂੰ ਆਪਣੇ ਲਈ ਇਮਤਿਹਾਨ ਦੇਣ ਲਈ ਪੇਸ਼ ਕਰਨਾ | • ਗੱਠਜੋੜ (collusion) — ਵਿਅਕਤੀਗੱਤ ਕੰਮ ਵਿੱਚ ਦੂਜੇ ਪਰੀਖਿਆਰਥੀ ਨਾਲ ਰਲ ਕੇ ਕੰਮ ਕਰਨਾ |
| | • ਵਿਚਾਰ ਚੋਰੀ (plagiarism) — ਸਹੀ ਤੌਰ ਤੇ ਸੋਮ ਬਾਰੇ ਨਾ ਦੱਸਣਾ ਅਤੇ/ਜਾਂ ਹੋਰ ਕਿਸੇ ਦਾ ਕੰਮ ਆਪਣਾ ਬਣਾ ਕੇ ਪੇਸ਼ ਕਰਨਾ |

| ਇਮਤਿਹਾਨ ਸਮੱਗਰੀ ਦੀ ਮਾਲਕੀ ਅਤੇ ਉਤਾਰਾ ਅਧਿਕਾਰ |
|---|
| ਜਦੋਂ ਤੁਸੀ ਇਮਤਿਹਾਨ ਸਮੱਗਰੀ ਐਸ.ਕਿਊ.ਏ. (SQA) ਨੂੰ ਪੇਸ਼ ਕਰਦੇ ਹੋ, ਜਾਂ ਆਪਣੇ ਸਕੂਲ ਜਾਂ ਕਾਲਜ ਨੂੰ ਆਪਣੀ ਤਰਫੋਂ ਪੇਸ ਕਰਨ ਦੀ ਆਗਿਆ ਦਿੰਦੇ ਹੋ, ਤਾਂ ਤੁਸੀਂ ਇਸ ਨੂੰ (SQA) ਦੀ ਪਦਾਰਥਕ ਅਤੇ ਬੋਧਕ ਜਾਇਦਾਦ ਅਤੇ ਉਤਾਰਾ ਅਧਿਕਾਰ ਬਣਨ ਲਈ ਸਹਿਮਤ ਹੋ ਰਹੇ ਹੋ।<br><br>ਇਮਤਿਹਾਨ ਸਮੱਗਰੀ ਐਸ.ਕਿਊ.ਏ. (SQA) ਨੂੰ ਪੇਸ਼ ਕੀਤੀਆਂ, ਉੱਤਰ ਕਿਤਾਬਾਂ ਅਤੇ/ਜਾਂ ਕੋਰਸ ਦਾ ਕੰਮ ਅਤੇ/ਜਾਂ ਇਸ ਸਬੂਤ ਦੀ ਬਜਾਏ ਹੋਰ ਸਬੂਤ ਹੈ।<br><br>ਐਸ.ਕਿਊ.ਏ. (SQA) ਇਹ ਸਮੱਗਰੀ ਸਿੱਖਿਆ ਦੇਣ ਅਤੇ ਉਦਾਹਰਨਾਂ ਦੇਣ ਵਾਲੀ ਸਮੱਗਰੀ ਵਰਗੇ ਮੰਤਵਾਂ ਲਈ ਵਰਤ ਸਕੇਗੀ, ਪਰੰਤੂ ਇਨ੍ਹਾਂ ਮੰਤਵਾਂ ਤੱਕ ਸੀਮਤ ਨਹੀਂ ਰਹੇਗੀ। ਐਸ.ਕਿਊ.ਏ. (SQA) ਤੁਹਾਡਾ ਨਾਂ ਜਾਂ ਸਕੌਟਿਸ਼ ਪਰੀਖਿਆਰਥੀ ਨੰਬਰ (SCN) ਜਾਂ ਹੋਰ ਕੋਈ ਵੀ ਪਛਾਣ ਕਰਨ ਵਾਲੇ ਤੱਤ ਪ੍ਰਗੱਟ ਨਹੀਂ ਕਰੇਗੀ। |

# ਤੁਹਾਡੇ ਨਤੀਜੇ ਅਤੇ ਤੁਹਾਡੇ ਸਰਟੀਫਿਕੇਟ ਅਤੇ ਮਾਈਐਸ.ਕਿਊ.ਏ.

**ਨਤੀਜੇ**

ਅਸੀਂ ਤੁਹਾਡੇ ਯੂਨਿਟ ਅਤੇ ਸਟੈਂਡਰਡ ਗਰੇਡ ਐਲੀਮੈਂਟ (Unit and Standard Grade Element) ਦੇ ਨਤੀਜੇ ਆਪਣੇ ਕੰਪਿਊਟਰ ਵਿੱਚ ਪਾਉਣੇ ਅਰੰਭ ਕਰ ਦਿੱਤੇ ਹਨ, ਅਤੇ ਨਾਲ ਦੀ ਨਾਲ ਜਿਉਂ ਜਿਉਂ ਸਾਡੇ ਕੋਲ ਪਹੁੰਚਦੇ ਹਨ ਪਾਉਣੇ ਜਾਰੀ ਰੱਖਾਂਗੇ। ਸਾਨੂੰ ਇਨ੍ਹਾਂ ਪ੍ਰਤੀ ਕਾਰਵਾਈ ਮੁਕੰਮਲ ਕਰਨੀ ਲਾਜ਼ਮੀ ਹੈ ਤਾਂ ਕਿ ਅਸੀਂ ਇਨ੍ਹਾਂ ਨੂੰ ਤੁਹਾਡੇ ਸਮੁੱਚੇ ਨਤੀਜੇ ਵਿੱਚ ਸ਼ਾਮਲ ਕਰ ਸਕਈਏ।

ਤੁਹਾਨੂੰ ਤੁਹਾਡਾ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (ਐਸ.ਕਿਊ.ਸੀ.) (Scottish Qualifications Certificate (SQC) ਫਰਸਟ ਕਲਾਸ ਡਾਕ ਰਾਹੀਂ **ਬੁੱਧਵਾਰ 5 ਅਗੱਸਤ** ਨੂੰ ਮਿਲ ਜਾਵੇਗਾ।

ਜੇ ਤੁਸੀ ਅਗ ਅਗਾਂਹ 'ਯੂਨੀਵਰਸਿੱਟੀ ਜਾਂ ਕਾਲਜ ਜਾਣਾ ਹੋਵੇ, ਤਾਂ ਅਸੀਂ ਯਕੀਨੀ ਬਣਾਵਾਂਗੇ ਕਿ ਯੂਨੀਵਰਸਿੱਟੀਆਂ ਅਤੇ ਕਾਲਜਾਂ ਦੀ ਦਾਖਲਾ ਸੇਵਾ (ਯੂ.ਸੀ.ਏ.ਐਸ.) (Universities and Colleges Admissions Service (UCAS) ਕੋਲ ਤੁਹਾਡੇ ਨਤੀਜਿਆਂ ਬਾਰੇ ਸਮੇਂ ਸਿਰ ਜਾਣਕਾਰੀ ਹੋਵੇ ਤਾਂ ਕਿ ਉਹ ਤੁਹਾਡੇ ਚੁਣੇ ਹੋਏ ਕਾਲਜ ਜਾਂ ਯੂਨੀਵਰਸਿੱਟੀ ਨੂੰ ਤੁਹਾਡੇ ਨਤੀਜਿਆਂ ਬਾਰੇ ਦੱਸ ਸਕਣ।

ਜੇ ਤੁਸੀਂ ਨਵੇਂ ਸੈਸ਼ਨ ਲਈ ਵਾਪਸ ਆ ਰਹੇ ਹੋ ਤਾਂ ਅਸੀਂ ਵੀ ਤੁਹਾਡੇ ਸਕੂਲ ਨੂੰ ਨਤੀਜੇ ਅਤੇ ਜਾਣਕਾਰੀ ਭੇਜਾਂਗੇ ਤਾਂ ਕਿ ਅਧਿਆਪਕਾਂ ਲਈ ਅੱਗਲੇ ਸਾਲ ਦੀਆਂ ਸਮਾਂ ਸਾਰਨੀਆਂ ਯੋਜਨਾਬੰਦ ਕਰਨ ਅਤੇ ਤੁਹਾਨੂੰ ਪੇਸ਼ਿਆਂ ਅਤੇ ਕੋਰਸਾਂ ਬਾਰੇ ਸੇਧ ਦੇਣ ਲਈ ਕਾਫੀ ਸਮਾਂ ਹੋਵੇ। ਜੇ ਤੁਹਾਡਾ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (SQC) **ਬੁੱਧਵਾਰ 5 ਅਗੱਸਤ**, ਤੱਕ ਨਾ ਆਵੇ, ਅਤੇ ਤੁਹਾਨੂੰ ਆਉਣ ਦੀ ਆਸ ਸੀ, ਤਾਂ ਕਿਰਪਾ ਕਰਕੇ ਆਪਣੇ ਸਕੂਲ ਜਾਂ ਕਾਲਜ ਨਾਲ ਫੌਰਨ ਸੰਪਰਕ ਕਰੋ।

ਸਕੂਲ ਜਾਂ ਕਾਲਜ ਤੁਹਾਡੇ ਨਤੀਜਿਆਂ ਦੀ ਪੁਸ਼ਟੀ ਕਰ ਸਕੇਗਾ ਅਤੇ ਪਤਾ ਕਰਨ ਲਈ ਕਿ ਤੁਹਾਡਾ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (SQC) ਕਿੱਥੇ ਹੈ, ਸਾਡੇ ਨਾਲ ਤਾਲ-ਮੇਲ ਕਰ ਸਕੇਗਾ।

ਜੇ ਤੁਸੀਂ ਆਪਣੇ ਘਰ ਦਾ ਪੱਕਾ ਪਤਾ ਬਦਲ ਲਿਆ, ਤਾਂ ਆਪਣੇ ਸਕੂਲ ਜਾਂ ਕਾਲਜ ਨੂੰ ਫੌਰਨ ਇਤਲਾਹ ਦਿਓ। ਇਸ ਨਾਲ ਯਕੀਨੀ ਬਣੇਗਾ ਕਿ ਤੁਹਾਡਾ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (SQC) ਸਿੱਧਾ ਹੀ ਤੁਹਾਡੇ ਘਰ ਡੀਲਿਵਰ ਕੀਤਾ ਜਾਵੇ ਅਤੇ ਗਲਤ ਸਮਝੀ ਜਾਂ ਦੇਰ ਨਾਂ ਹੋਵੇ।

ਜੇ ਤੁਸੀਂ ਸਕੌਟਿਸ਼ ਗਰੁਪ ਅਵੌਰਡ (ਐਸ.ਜੀ.ਏ.) (Scottish Group Award (SGA) ਪ੍ਰਾਪਤ ਕੀਤਾ ਤਾਂ ਤੁਹਾਨੂੰ ਤੁਹਾਡਾ ਸਕੌਟਿਸ਼ ਗਰੁਪ ਅਵੌਰਡ (SGA) ਸਰਟੀਫਿਕੇਟ ਤੁਹਾਡੇ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (SQC) ਦੇ ਨਾਲ ਹੀ ਮਿਲ ਜਾਵੇਗਾ।.

**ਮਾਈ ਐਸ.ਕਿਊ.ਏ. (My SQA)**

ਮਾਈਐਸ.ਕਿਊ.ਏ.(MySQA) ਉਹ ਵੈਬ ਸੇਵਾ ਹੈ ਜੋ ਤੁਹਾਨੂੰ ਤੁਹਾਡੇ ਨਤੀਜੇ ਪ੍ਰਾਪਤ ਕਰਨ ਲਈ ਸੁਰੱਖਿਅਤ ਅਤੇ ਵਿਸ਼ੇਸ਼ ਸੇਵਾ ਮੁਹੱਈਆ ਕਰਦੀ ਹੈ।

ਆਪਣੇ ਨਤੀਜਿਆਂ ਦੇ ਲਫਾਫੇ ਦੀ ਲੈਟਰ ਬਾਕਸ ਵਿੱਚ ਦੀ ਡਿੱਗਣ ਦੀ ਉਡੀਕ ਨਾ ਕਰੋ। ਜੇ ਤੁਸੀਂ ਵੀਰਵਾਰ 16 ਜੁਲਾਈ ਤੱਕ ਰਜਿਸਟਰ ਹੋ ਕੇ, ਆਪਣੇ ਅਕਾਊਂਟ ਸ਼ੁੱਕਰਵਾਰ 24 ਜੁਲਾਈ ਤੱਕ ਚਾਲੂ ਕਰ ਦਿਓ, ਤਾਂ ਤੁਸੀਂ ਆਪਣੇ ਨਤੀਜੇ ਈਮੇਲ ਜਾਂ ਟੈਕਸਟ ਦੁਆਰਾ **ਬੁੱਧਵਾਰ 5 ਅਗੱਸਤ** ਨੂੰ ਸਵੇਰੇ ਹੀ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ।

ਰਜਿਸਟਰ ਹੋਵੋ, ਤਾਂ ਕੁੱਝ ਵੀ ਹੋਵੇ ਤੁਹਾਨੂੰ ਤੁਹਾਡੇ ਨਤੀਜੇ ਮਿਲ ਜਾਣਗੇ — ਜੇ ਤੁਸੀਂ ਘਰ ਨਾ ਵੀ ਹੋਵੋਂ, ਤਾਂ ਤੁਹਾਨੂੰ ਤੁਹਾਡੇ ਨਤੀਜੇ ਹੋਰ ਕਿਸੇ ਤੋਂ ਖੋਲ੍ਹਾਉਣ ਦੀ ਲੋੜ ਨਹੀਂ ਪਵੇਗੀ। ਅਤੇ ਤੁਹਾਨੂੰ ਉਡੀਕ ਨਹੀਂ ਕਰਨੀ ਪਵੇਗੀ।

ਤੁਸੀਂ ਆਪਣਾ ਅਕਾਊਂਟ ਕਿਸ ਤਰ੍ਹਾਂ ਚਾਲੂ ਕਰ ਸਕਦੇ ਹੋ ਬਾਰੇ ਇਥੇ ਪਤਾ ਕਰੋ **www.mysqa.info**.

**ਨਤੀਜਿਆਂ ਸਮੇਂ ਤੁਹਾਡੇ ਲਈ ਸਹਾਰਾ**

ਜੇ ਤੁਹਾਨੂੰ ਤੁਹਾਡੇ ਸਰਟੀਫਿਕੇਟ ਦੀ ਸਮਝ ਨਹੀਂ ਲੱਗਦੀ ਜਾਂ ਜੇ ਸਮਝਦੇ ਹੋ ਕਿ ਕੋਈ ਚੀਜ਼ ਸ਼ਾਮਲ ਨਹੀਂ ਜਾਂ ਗਲਤ ਹੈ, ਤਾਂ ਸਿੱਧਾ ਹੀ ਆਪਣੇ ਸਕੂਲ ਜਾਂ ਕਾਲਜ ਜਾ ਕੇ ਮਦਦ ਮੰਗੋ। ਜੇ ਕੋਈ ਸਮੱਸਿਆ ਹੋਈ, ਤਾਂ ਤੁਹਾਡਾ ਸਕੂਲ ਜਾਂ ਕਾਲਜ ਸਾਡੇ ਨਾਲ ਸੰਪਰਕ ਕਰਕੇ ਹੱਲ ਕਰੇਗਾ।

ਟੈਲੀਫ਼ੋਨ ਸਲਾਹ ਲਾਈਨ ਵੀ 5 – 7 ਅਗੱਸਤ ਤੱਕ ਉਪਲਬੱਧ ਹੋਵੇਗੀ। ਤੁਸੀਂ ਇਸ ਤੇ ਆਪਣੇ ਸਰਟੀਫਿਕੇਟ ਦੇ ਤੱਤਾਂ ਅਤੇ ਬਣਤਰ ਬਾਰੇ ਸਲਾਹ ਲੈਣ ਲਈ ਸਾਨੂੰ ਫ਼ੋਨ ਕਰ ਸਕਦੇ ਹੋ। ਇਹ ਸਲਾਹ ਲਾਈਨ ਨੰਬਰ ਤੁਹਾਡੇ ਸਰਟੀਫਿਕੇਟ ਨਾਲ ਜਾਰੀ ਕੀਤੇ ਹੋਏ ਜਾਣਕਾਰੀ ਪਰਚੇ ਵਿੱਚ ਦਿੱਤਾ ਹੋਵੇਗਾ।

**ਅਪੀਲਾਂ**

ਸਕੌਟਿਸ਼ ਕੁਆਲੀਫੀਕੇਸ਼ਨਜ਼ ਅਥੌਰੀਟੀ (SQA) ਕੋਲ ਉਨ੍ਹਾਂ ਪ੍ਰੀਖਿਆਰਥੀਆਂ ਲਈ ਮੁੜ-ਵਿਚਾਰ ਕਰਨ ਦੀ ਪ੍ਰਕਿਰਿਆ ਹੈ ਜਿਨ੍ਹਾਂ ਨੇ ਇਮਤਿਹਾਨ ਵਿੱਚ ਆਪਣੇ ਸਕੂਲ ਜਾਂ ਕਾਲਜ ਦੀ ਉਮੀਦ ਅਨੁਸਾਰ ਸਫਲਤਾ ਨਹੀਂ ਸੀ ਪ੍ਰਾਪਤ ਕੀਤੀ। ਕਿਤਾਬਚੇ ਦਾ ਇਹ ਹਿੱਸਾ ਤੁਹਾਨੂੰ ਸਕੌਟਿਸ਼ ਕੁਆਲੀਫੀਕੇਸ਼ਨਜ਼ ਅਥੌਰੀਟੀ (SQA) ਦੀ ਅਪੀਲ ਵਿਵਸਥਾ ਬਾਰੇ ਸਧਾਰਨ ਜਾਣਕਾਰੀ ਦਿੰਦਾ ਹੈ। ਜੇ ਤੁਹਾਨੂੰ ਵਧੇਰੇ ਵਿਸਥਾਰਪੂਰਨ ਜਾਣਕਾਰੀ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਆਪਣੇ ਸਕੂਲ ਜਾਂ ਕਾਲਜ ਵਿੱਚ ਮੌਜੂਦ ਸਕੌਟਿਸ਼ ਕੁਆਲੀਫੀਕੇਸ਼ਨਜ਼ ਅਥੌਰੀਟੀ (SQA) ਦੇ ਇਮਤਿਹਾਨਾਂ ਲਈ ਜ਼ਿੰਮੇਵਾਰ ਵਿਅਕਤੀ ਨੂੰ ਤੁਹਾਡੀ ਮਦਦ ਕਰਨ ਲਈ ਪੁੱਛੋ।

**ਅਪੀਲਾਂ ਕਿਸ ਤਰ੍ਹਾਂ ਕੀਤੀਆਂ ਜਾਂਦੀਆਂ ਹਨ**

ਤੁਹਾਡੇ ਇਮਤਿਹਾਨ ਦੇਣ ਤੋਂ ਪਹਿਲਾਂ, ਤੁਹਾਡੇ ਸਕੂਲ ਜਾਂ ਕਾਲਜ ਨੇ ਸਾਨੂੰ ਅਨੁਮਾਨ ਭੇਜ ਦਿੱਤਾ ਹੋਵੇਗਾ ਕਿ ਉਨ੍ਹਾਂ ਦੀ ਰਾਏ ਵਿੱਚ ਤੁਸੀਂ ਇਮਤਿਹਾਨ ਵਿੱਚ ਕਿੰਨ੍ਹੀ ਕੁ ਸਫ਼ਲਤਾ ਪ੍ਰਾਪਤ ਕਰੋਂਗੇ। ਇਹ ਅਨੁਮਾਨ ਕੋਰਸ ਦੌਰਾਨ ਤੁਹਾਡੇ ਪੂਰੇ ਕੀਤੇ ਹੋਏ ਕੰਮ ਦੇ ਉਨ੍ਹਾਂ ਵੱਲੋਂ ਕੀਤੇ ਮੁਲਾਂਕਣ ਤੇ ਅਧਾਰਿਤ ਹੋਵੇਗਾ।

ਜੇ, ਇਮਤਿਹਾਨ ਵਾਲੇ ਦਿਨ ਤੇ, ਤੁਸੀਂ ਉਹ ਨਤੀਜਾ ਨਾ ਪ੍ਰਾਪਤ ਕੀਤਾ ਜਿਸ ਦੀ ਤੁਹਾਡੇ ਸਕੂਲ ਜਾਂ ਕਾਲਜ ਨੂੰ ਉਮੀਦ ਸੀ, ਤਾਂ ਤੁਹਾਡੀ ਤਰਫੋਂ ਅਪੀਲ ਕੀਤੀ ਜਾ ਸਕਦੀ ਹੈ,— ਪਰ ਕੇਵਲ ਤਾਂ ਹੀ ਜੇ:

- ਤੁਸੀਂ ਮੁਲਾਂਕਣ ਦੇ ਸਾਰੇ ਹਿੱਸੇ ਕਰਨ ਦੀ ਕੋਸ਼ਿਸ਼ ਕੀਤੀ ਹੈ
- ਤੁਹਾਡੇ ਸਕੂਲ ਜਾਂ ਕਾਲਜ ਕੋਲ ਉਨ੍ਹਾਂ ਦੇ ਅਨੁਮਾਨ ਦੀ ਪੁਸ਼ਟੀ ਕਰਨ ਲਈ ਕਾਫੀ ਅਤੇ ਉਚਿੱਤ ਸਬੂਤ ਮੌਜੂਦ ਹੈ

ਤੁਸੀਂ ਅਪੀਲ ਸਿੱਧੀ ਨਹੀਂ ਕਰ ਸਕਦੇ, ਨਾ ਹੀ ਤੁਹਾਡੇ ਮਾਪੇ ਜਾਂ ਹੋਰ ਕੋਈ ਨੁਮਾਇੰਦਾ ਕਰ ਸਕਦਾ ਹੈ। ਅਪੀਲ ਕੇਵਲ ਤੁਹਾਨੂੰ ਇਮਤਿਹਾਨ ਵਿੱਚ ਦਾਖਲ ਕਰਾਉਣ ਵਾਲਾ ਸਕੂਲ ਜਾਂ ਕਾਲਜ ਹੀ ਕਰ ਸਕਦਾ ਹੈ।

**ਐਸ.ਕਿਊ.ਏ. (SQA) ਅਪੀਲਾਂ ਨਾਲ ਕਿਸ ਤਰ੍ਹਾਂ ਨਜਿੱਠਦੀ ਹੈ**

ਮਜ਼ਬੂਨ ਮਾਹਿਰਾਂ ਦੀ ਟੀਮ ਤੁਹਾਡੇ ਸਕੂਲ ਜਾਂ ਕਾਲਜ ਵੱਲੋਂ ਪੇਸ਼ ਕੀਤੇ ਗਏ ਵਾਧੂ ਸਬੂਤ ਜਾਂ ਕੰਮ ਉੱਪਰ ਬਾਰੀਕੀ ਨਾਲ ਵਿਚਾਰ ਕਰੇਗੀ। ਜਿੱਥੇ ਲੋੜ ਪਈ, ਉਹ ਤੁਹਾਡੇ ਇਮਤਿਹਾਨ ਦੀ ਮੂਲ ਲਿੱਖਤ ਨੂੰ ਵੀ ਵਿਚਾਰਨਗੇ। ਜੇ ਤੁਹਾਡਾ ਸਬੂਤ ਉਚਿੱਤ ਹੋਇਆ ਅਤੇ ਲੋੜੀਂਦੀਆਂ ਸ਼ਰਤਾਂ ਅਧੀਨ ਇਕੱਤਰ ਕੀਤਾ ਗਿਆ ਹੋਇਆ ਤਾਂ ਤੁਹਾਡਾ ਸਕੂਲ ਜਾਂ ਕਾਲਜ ਸਕੌਟਿਸ਼ ਕੁਆਲੀਫੀਕੇਸ਼ਨਜ਼ ਅਥੌਰੀਟੀ (SQA) ਨੂੰ ਵੇਰਵਾ ਭੇਜੇਗਾ, ਇਸ ਨਾਲ ਪਰੀਖਿਅੱਕਾਂ ਨੂੰ ਕੋਰਸ ਦੌਰਾਨ ਤੁਹਾਡੀ ਸਫਲਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਹੋਵੇਗੀ। ਆਖਰੀ ਫੈਸਲਾ ਕਰਨ ਲਈ ਕਿ ਤੁਹਾਨੂੰ ਕਿਹੜਾ ਗ੍ਰੇਡ ਦੇਣਾ ਚਾਹੀਦਾ ਹੈ, ਉਹ ਇਹ ਸੱਭ ਜਾਣਕਾਰੀ ਵਰਤਣਗੇ।

**ਅਪੀਲਾਂ ਦੇ ਨਤੀਜੇ**

ਹਾਇਅਰ (Higher) ਅਤੇ ਐਡਵਾਂਸਡ ਹਾਈਅਰ (Advanced Higher) ਦੀਆਂ ਅਪੀਲਾਂ ਪਹਿਲਾਂ ਸੁਣੀਆਂ ਜਾਂਦੀਆਂ ਹਨ, ਆਮ ਤੌਰ ਤੇ ਸਤੰਬਰ ਵਿੱਚ। ਇੰਟਰਮੀਡੀਏਟ 1 (Intermediate 1), ਇੰਟਰਮੀਡੀਏਟ 2 (Intermediate 2) ਅਤੇ ਸਟੈਂਡਰਡ ਗ੍ਰੇਡ (Standard Grade) ਦੀਆਂ ਅਪੀਲਾਂ ਅਕਤੂਬਰ ਵਿੱਚ ਸੁਣੀਆਂ ਜਾਂਦੀਆਂ ਹਨ। ਤੁਹਾਡੇ ਸਕੂਲ ਜਾਂ ਕਾਲਜ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਨੂੰ ਕਿਹੜੀਆਂ ਮੁੱਖ ਤਾਰੀਖ਼ਾਂ ਤੱਕ ਅਪੀਲਾਂ ਭੇਜਣੀਆਂ ਚਾਹੀਦੀਆਂ ਹਨ।

ਅਸੀਂ ਤੁਹਾਡੇ ਸਕੂਲ ਜਾਂ ਕਾਲਜ ਨੂੰ ਤੁਹਾਡੀ ਅਪੀਲ ਦਾ ਨਤੀਜਾ ਸੂਚੀਬੱਧ ਤਾਰੀਖ਼ਾਂ ਤੱਕ ਦੱਸ ਦੇਵਾਂਗੇ, ਅਤੇ ਉਹ ਫਿਰ ਤੁਹਾਨੂੰ ਇਹ ਜਾਣਕਾਰੀ ਭੇਜ ਦੇਣਗੇ।

- **ਉਚੇਰੀ ਜਾਂ ਅੱਗਲੇਰੀ ਵਿੱਦਿਆ ਕੋਰਸਾਂ ਵਿੱਚ ਦਾਖਲੇ ਲਈ ਬਹੁਤ ਜ਼ਰੂਰੀ ਅਪੀਲਾਂ 20 ਸਤੰਬਰ ਤੱਕ**

- **ਹਾਇਅਰ (Higher) ਜਾਂ ਐਡਵਾਂਸਡ ਹਾਇਅਰ (Advanced Higher) ਅਪੀਲਾਂ ਸਤੰਬਰ ਦੇ ਅੰਤ ਤੱਕ**
- **ਇੰਟਰਮੀਡੀਏਟ 1 (Intermediate 1), ਇੰਟਰਮੀਡੀਏਟ 2 (Intermediate 2) ਅਤੇ ਸਟੈਂਡਰਡ ਗ੍ਰੇਡ (Standard Grade) ਅਪੀਲਾਂ ਨਵੰਬਰ ਦੇ ਅੱਧ ਤੱਕ**

ਜੇ ਤੁਹਾਡੀ ਅਪੀਲ ਸਫ਼ਲ ਨਾ ਹੋਈ, ਤਾਂ ਅਸੀਂ ਤੁਹਾਡੇ ਤੁਹਾਡੇ ਸਕੂਲ ਜਾਂ ਕਾਲਜ ਨੂੰ ਜਾਣਕਾਰੀ ਦੇਵਾਂਗੇ ਕਿ ਕਿਉਂ ਅਸਫ਼ਲ ਹੋਈ ਹੈ। ਜੇ ਤੁਹਾਡੀ ਅਪੀਲ ਸਫ਼ਲ ਹੋਈ, ਤਾਂ ਅਸੀਂ ਤੁਹਾਨੂੰ ਪਹਿਲੇ ਸਰਟੀਫਿਕੇਟ ਦੀ ਥਾਂ ਤੇ ਨਵਾਂ ਸਰਟੀਫਿਕੇਟ ਨਵੰਬਰ ਦੇ ਅੰਤ ਤੱਕ ਜਾਰੀ ਕਰਾਂਗੇ।

# ਸੰਖੇਪ ਸਮਾਂ ਸਾਰਨੀ 2009

## ਸਟੈਂਡਰਡ ਗ੍ਰੇਡ (Standard Grade)

| ਕੋਰਸ | ਤਾਰੀਖ(i) |
|---|---|
| ਲੇਖਾਕਾਰੀ ਅਤੇ ਆਰਥਕ ਪ੍ਰਬੰਧ (Accounting and Finance) | ਸੋਮਵਾਰ 1 ਜੂਨ |
| ਸੰਚਾਲਨ (Administration) | ਮੰਗਲਵਾਰ 5 ਮਈ |
| ≠ ਕਲਾ ਅਤੇ ਰੂਪਰੇਖਾ (ਭਾਵਪੂਰਨ ਪ੍ਰੀਖਿਆ) (Art and Design (Expressive Examination) | ਕੇਂਦਰ ਪ੍ਰਬੰਧ ਕਰੇਗਾ |
| ਜੀਵ ਵਿਗਿਆਨ (Biology) | ਵੀਰਵਾਰ 28 ਮਈ |
| ਕਾਰੋਬਾਰੀ ਪ੍ਰਬੰਧ (Business Management) | ਮੰਗਲਵਾਰ 19 ਮਈ |
| ਰਸਾਇਣ ਵਿਗਿਆਨ (Chemistry) | ਸੋਮਵਾਰ 11 ਮਈ |
| ਪ੍ਰਾਚੀਨ ਯੂਨਾਨੀ ਸਾਹਿਤ (Classical Greek) | ਵੀਰਵਾਰ 7 ਮਈ |
| ਪ੍ਰਾਚੀਨ ਅਧਿਐਨ (Classical Studies) | ਮੰਗਲਵਾਰ 12 ਮਈ |
| ਕੰਪਿਊਟਿੰਗ ਅਧਿਐਨ (Computing Studies) | ਬੁੱਧਵਾਰ 13 ਮਈ |
| ਵਰਤਮਾਨ ਸਮਾਜਿਕ ਅਧਿਐਨ (Contemporary Social Studies) | ਮੰਗਲਵਾਰ 12 ਮਈ |
| ਸ਼ਿਲਪਕਾਰੀ ਅਤੇ ਰੂਪਰੇਖਾ (Craft and Design) | ਸੋਮਵਾਰ 18 ਮਈ |
| ਨਾਟਕ (Drama) | ਵੀਰਵਾਰ 21 ਮਈ |
| ਅਰਥ ਸ਼ਾਸਤਰ (Economics) | ਬੁੱਧਵਾਰ 13 ਮਈ |
| ਅੰਗਰੇਜ਼ੀ (English) | ਸ਼ੁੱਕਰਵਾਰ 8 ਮਈ |
| ਅੰਗਰੇਜ਼ੀ - ਦੂਜੀ ਸੂਰਤ ਦਾ ਸੰਚਾਰ (English – Alternative Communication) | ਸ਼ੁੱਕਰਵਾਰ 8 ਮਈ |
| ਅੰਗਰੇਜ਼ੀ - ਬੋਲੀ ਜਾਂਦੀ (English – Spoken) | ਸ਼ੁੱਕਰਵਾਰ 8 ਮਈ |
| ਫ਼ਰਾਂਸੀਸੀ (French) | ਵੀਰਵਾਰ 14 ਮਈ |
| ਗੇਲਿਕ (ਸਿੱਖਾਂਦਰੂ) (Gaelic (Learners) | ਸ਼ੁੱਕਰਵਾਰ 29 ਮਈ |
| ਗੇਲਿਕ (ਸਿੱਖਾਂਦਰੂ) (ਵਿਕਲਪਕ) (ਲਿੱਖਾਈ) (Gaelic Learners) (Optional) (Writing) | ਸ਼ੁੱਕਰਵਾਰ 29 ਮਈ |
| ਗੇਡਹਲਿੱਗ (Gàidhlig) | ਸ਼ੁੱਕਰਵਾਰ 29 ਮਈ |
| ਭੂਗੋਲ ਵਿੱਦਿਆ (Geography) | ਬੁੱਧਵਾਰ 27 ਮਈ |
| ਜਰਮਨ (German) | ਬੁੱਧਵਾਰ 20 ਮਈ |
| ਚਿਤਰਕਾਰੀ ਸੰਚਾਰ (Graphic Communication) | ਸ਼ੁੱਕਰਵਾਰ 22 ਮਈ |
| ਇਤਿਹਾਸ (History) | ਮੰਗਲਵਾਰ 12 ਮਈ |
| ਘਰੇਲੂ ਅਰਥ ਪ੍ਰਬੰਧ (Home Economics) | ਸ਼ੁੱਕਰਵਾਰ 29 ਮਈ |
| ਇਤਾਲਵੀ (Italian) | ਮੰਗਲਵਾਰ 5 ਮਈ |
| ਲਾਤੀਨੀ (Latin) | ਸੋਮਵਾਰ 18 ਮਈ |
| ਹਿਸਾਬ (Mathematics) | ਬੁੱਧਵਾਰ 6 ਮਈ |
| ਅਧੁਨਿਕ ਅਧਿਐਨ (Modern Studies) | ਸੋਮਵਾਰ 25 ਮਈ |
| ਸੰਗੀਤ (Music) | ਸੋਮਵਾਰ 11 ਮਈ |
| ਸਰੀਰਕ ਸਿੱਖਿਆ (Physical Education) | ਵੀਰਵਾਰ 7 ਮਈ |
| ਭੌਤਕ ਵਿੱਗਿਆਨ (Physics) | ਮੰਗਲਵਾਰ 26 ਮਈ |
| ਧਾਰਮਿਕ ਅਧਿਐਨ (Religious Studies) | ਸੋਮਵਾਰ 1 ਜੂਨ |
| ਰੂਸੀ (Russian) | ਸੋਮਵਾਰ 18 ਮਈ |
| ਸਾਇੰਸ (Science) | ਵੀਰਵਾਰ 28 ਮਈ |
| ਸਮਾਜਿਕ ਅਤੇ ਵਿਵਸਾਇਕ ਮੁਹਾਰਤਾਂ (Social and Vocational Skills) | ਸ਼ੁੱਕਰਵਾਰ 15 ਮਈ |
| ਸਪੈਨਿਸ਼ (Spanish) | ਮੰਗਲਵਾਰ 19 ਮਈ |
| ਟੈਕਨਾਲੋਜੀ ਅਧਿਐਨ (Technological Studies) | ਮੰਗਲਵਾਰ 5 ਮਈ |
| ਉੜਦੂ (Urdu) | ਵੀਰਵਾਰ 21 ਮਈ |

## ਚਿੰਨ੍ਹ ਦੀ ਕੁੰਜੀ

≠. ਸਟੈਂਡਰਡ ਗ੍ਰੇਡ
ਇਹ ਇਮਤਿਹਾਨ ਕੇਂਦਰ ਦੀ ਇੱਛਾ ਅਨੁਸਾਰ ਸੋਮਵਾਰ 27 ਅਪਰੈਲ ਤੋਂ ਸ਼ੁੱਕਰਵਾਰ 8 ਮਈ ਵਿੱਚਕਾਰ ਕਿਸੇ ਵੀ ਸੱਭ ਤੋਂ ਵੱਧ ਉਚਿੱਤ ਤਾਰੀਖ਼ ਤੇ ਰੱਖੇ ਜਾ ਸਕਦੇ ਹਨ।

## ਇੰਟਰਮੀਡੀਏਟ (Intermediate) 1

**ਕੋਰਸ** **ਤਾਰੀਖ(ਾਂ)**

| | |
|---|---|
| ਲੇਖਾਕਾਰੀ (Accounting) | ਮੰਗਲਵਾਰ 2 ਜੂਨ |
| ਸੰਚਾਲਨ (Administration) | ਮੰਗਲਵਾਰ 5 ਮਈ |
| ਜੀਵ ਵਿਗਿਆਨ (Biology) | ਵੀਰਵਾਰ 28 ਮਈ |
| ਕਾਰੋਬਾਰੀ ਪ੍ਰਬੰਧ (Business Management) | ਮੰਗਲਵਾਰ 19 ਮਈ |
| ਕੈਨਟੋਨੀਜ਼ (Cantonese) | ਸੋਮਵਾਰ 1 ਜੂਨ |
| ਦੇਖਭਾਲ (Care) | ਮੰਗਲਵਾਰ 9 ਜੂਨ |
| ਰਸਾਇਣ ਵਿਗਿਆਨ (Chemistry) | ਬੁੱਧਵਾਰ 3 ਜੂਨ |
| ਪ੍ਰਾਚੀਨ ਯੂਨਾਨੀ ਸਾਹਿਤ (Classical Greek) | ਸੋਮਵਾਰ 25 ਮਈ |
| ਪ੍ਰਾਚੀਨ ਅਧਿਐਨ (Classical Studies) | ਵੀਰਵਾਰ 4 ਜੂਨ |
| ਕੰਪਿਊਟਿੰਗ ਅਧਿਐਨ (Computing Studies) | ਵੀਰਵਾਰ 4 ਜੂਨ |
| ਨਾਟਕ (Drama) | ਵੀਰਵਾਰ 21 ਮਈ |
| ਅਰਥ ਸ਼ਾਸਤਰ (Economics) | ਮੰਗਲਵਾਰ 26 ਮਈ |
| ਅੰਗਰੇਜ਼ੀ (English) | ਸ਼ੁੱਕਰਵਾਰ 15 ਮਈ |
| ਫ਼ਰਾਂਸੀਸੀ (French) | ਸ਼ੁੱਕਰਵਾਰ 22 ਮਈ |
| ਗੇਲਿਕ (ਸਿੱਖਾਂਦਰੂ) (Gaelic (Learners) | ਬੁੱਧਵਾਰ 3 ਜੂਨ |
| ਗੇਡਹਲਿੱਗ (Gàidhlig) | ਬੁੱਧਵਾਰ 3 ਜੂਨ |
| ਭੂਗੋਲ ਵਿੱਦਿਆ (Geography) | ਬੁੱਧਵਾਰ 27 ਮਈ |
| ਭੂ ਵਿਗਿਆਨ (Geology) | ਸ਼ੁੱਕਰਵਾਰ 29 ਮਈ |
| ਜਰਮਨ (German) | ਬੁੱਧਵਾਰ 20 ਮਈ |
| ਚਿਤਰਕਾਰੀ ਸੰਚਾਰ (Graphic Communication) | ਵੀਰਵਾਰ 28 ਮਈ |
| ਇਤਿਹਾਸ (History) | ਮੰਗਲਵਾਰ 2 ਜੂਨ |
| ਇਤਾਲਵੀ (Italian) | ਸੋਮਵਾਰ 25 ਮਈ |
| ਲਾਤੀਨੀ (Latin) | ਸੋਮਵਾਰ 8 ਜੂਨ |
| ਵਾਤਾਵਰਨ ਦੇ ਵਸੀਲਿਆਂ ਦਾ ਪ੍ਰਬੰਧ (Managing Environmental Resources) | ਬੁੱਧਵਾਰ 10 ਜੂਨ |
| ਮੈਨਡਰਿਨ ਆਸਾਨ ਕੀਤੀ ਹੋਈ (Mandarin Simplified) | ਸੋਮਵਾਰ 1 ਜੂਨ |
| ਮੈਨਡਰਿਨ ਰਿਵਾਇਤੀ (Mandarin Traditional) | ਸੋਮਵਾਰ 1 ਜੂਨ |
| ਹਿਸਾਬ (Mathematics) | ਵੀਰਵਾਰ 21 ਮਈ |
| ਸੰਚਾਰ ਸਾਧਨ ਅਧਿਐਨ (Media Studies) | ਬੁੱਧਵਾਰ 3 ਜੂਨ |
| ਅਧੁਨਿਕ ਅਧਿਐਨ (Modern Studies) | ਸੋਮਵਾਰ 25 ਮਈ |
| ਸੰਗੀਤ (Music) | ਵੀਰਵਾਰ 7 ਮਈ |
| ਸਰੀਰਕ ਸਿੱਖਿਆ (Physical Education) | ਸੋਮਵਾਰ 1 ਜੂਨ |
| ਭੌਤਕ ਵਿੱਗਿਆਨ (Physics) | ਮੰਗਲਵਾਰ 26 ਮਈ |
| ਮਨੋਵਿਗਆਨ (Psychology) | ਸੋਮਵਾਰ 8 ਜੂਨ |
| ਧਾਰਮਿਕ, ਨੈਤਕ ਅਤੇ ਦਾਰਸ਼ਨਿਕ ਅਧਿਐਨ (Religious, Moral and Philosophical Studies) | ਸੋਮਵਾਰ 1 ਜੂਨ |
| ਰੂਸੀ (Russian) | ਸ਼ੁੱਕਰਵਾਰ 5 ਜੂਨ |
| ਸਪੈਨਿਸ਼ (Spanish) | ਮੰਗਲਵਾਰ 19 ਮਈ |
| ਸਫ਼ਰ ਅਤੇ ਸਿਲਾਨੀ (Travel and Tourism) | ਵੀਰਵਾਰ 4 ਜੂਨ |

## ਇੰਟਰਮੀਡੀਏਟ (Intermediate) 2

**ਕੋਰਸ** **ਤਾਰੀਖ(ⁱ)**

| | |
|---|---|
| ਲੇਖਾਕਾਰੀ (Accounting) | ਮੰਗਲਵਾਰ 2 ਜੂਨ |
| ਸੰਚਾਲਨ (Administration) | ਮੰਗਲਵਾਰ 5 ਮਈ |
| ਕਲਾ ਅਤੇ ਰੂਪਰੇਖਾ (Art and Design) | ਸ਼ੁੱਕਰਵਾਰ 5 ਜੂਨ |
| ਜੀਵ ਵਿਗਿਆਨ (Biology) | ਵੀਰਵਾਰ 28 ਮਈ |
| ਜੀਵਤਕਨੋਲੋਜੀ (Biotechnology) | ਸ਼ੁੱਕਰਵਾਰ 22 ਮਈ |
| ਕਾਰੋਬਾਰੀ ਪ੍ਰਬੰਧ (Business Management) | ਮੰਗਲਵਾਰ 19 ਮਈ |
| ਕੈਨਟੋਨੀਜ਼ (Cantonese) | ਸੋਮਵਾਰ 1 ਜੂਨ |
| ਦੇਖਭਾਲ (Care) | ਮੰਗਲਵਾਰ 9 ਜੂਨ |
| ਰਸਾਇਣ ਵਿਗਿਆਨ (Chemistry) | ਬੁੱਧਵਾਰ 3 ਜੂਨ |
| ਪ੍ਰਾਚੀਨ ਯੂਨਾਨੀ ਸਾਹਿਤ (Classical Greek) | ਸੋਮਵਾਰ 25 ਮਈ |
| ਪ੍ਰਾਚੀਨ ਅਧਿਐਨ (Classical Studies) | ਵੀਰਵਾਰ 4 ਜੂਨ |
| ਕੰਪਿਊਟਿੰਗ (Computing) | ਵੀਰਵਾਰ 4 ਜੂਨ |
| ਨਾਟਕ (Drama) | ਵੀਰਵਾਰ 21 ਮਈ |
| ਅਰਥ ਸ਼ਾਸਤਰ (Economics) | ਮੰਗਲਵਾਰ 26 ਮਈ |
| ਇਲੈਕਟ੍ਰੌਨਿਕ ਅਤੇ ਇਲੈਕਟਰੀਕਲ ਮੂਲ ਤੱਤ (Electronic and Electrical Fundamentals) | ਮੰਗਲਵਾਰ 9 ਜੂਨ |
| ਅੰਗਰੇਜ਼ੀ (English) | ਸ਼ੁੱਕਰਵਾਰ 15 ਮਈ |
| ਦੂਜੀਆਂ ਭਾਸ਼ਾਵਾਂ ਬੋਲਣ ਵਾਲਿਆਂ ਲਈ ਅੰਗਰੇਜ਼ੀ (English for Speakers of Other Languages) | ਸ਼ੁੱਕਰਵਾਰ 15 ਮਈ |
| ਫ਼ਰਾਂਸੀਸੀ (French) | ਸ਼ੁੱਕਰਵਾਰ 22 ਮਈ |
| ਗੇਲਿਕ (ਸਿੱਖਾਂਦਰੂ) (Gaelic (Learners) | ਬੁੱਧਵਾਰ 3 ਜੂਨ |
| ਗੇਡਹਲਿੱਗ (Gàidhlig) | ਬੁੱਧਵਾਰ 3 ਜੂਨ |
| ਭੂਗੋਲ ਵਿੱਦਿਆ (Geography) | ਬੁੱਧਵਾਰ 27 ਮਈ |
| ਭੂ ਵਿਗਿਆਨ (Geology) | ਸ਼ੁੱਕਰਵਾਰ 29 ਮਈ |
| ਜਰਮਨ (German) | ਬੁੱਧਵਾਰ 20 ਮਈ |
| ਚਿਤਰਕਾਰੀ ਸੰਚਾਰ (Graphic Communication) | ਵੀਰਵਾਰ 28 ਮਈ |
| ਇਤਿਹਾਸ (History) | ਮੰਗਲਵਾਰ 2 ਜੂਨ |
| ਘਰੇਲੂ ਅਰਥ ਪ੍ਰਬੰਧ: ਫ਼ੈਸ਼ਨ ਅਤੇ ਕੱਪੜਾ ਤਕਨੋਲੋਜੀ (Home Economics: Fashion and Textile Technology) | ਮੰਗਲਵਾਰ 9 ਜੂਨ |
| ਘਰੇਲੂ ਅਰਥ ਪ੍ਰਬੰਧ: ਸਿਹਤ ਅਤੇ ਭੋਜਨ ਟੈਕਨਾਲੋਜੀ (Home Economics: Health and Food Technology) | ਮੰਗਲਵਾਰ 9 ਜੂਨ |
| ਘਰੇਲੂ ਅਰਥ ਪ੍ਰਬੰਧ: ਜੀਵਨ ਰਹਿਣੀ ਬਹਿਣੀ ਅਤੇ ਖਪਤਕਾਰ ਟੈਕਨਾਲੋਜੀ (Home Economics: Lifestyle and Consumer Technology) | ਮੰਗਲਵਾਰ 9 ਜੂਨ |
| ਪਰਾਹੁਣਾਚਾਰੀ: ਪੇਸ਼ਾਵਰ ਰਸੋਈ ਸਿੱਖਿਆ (Hospitality: Professional Cookery) | ਬੁੱਧਵਾਰ 10 ਜੂਨ |
| ਜਾਣਕਾਰੀ ਵਿਵਸਥਾਵਾਂ (Information Systems) | ਸ਼ੁੱਕਰਵਾਰ 29 ਮਈ |
| ਇਤਾਲਵੀ (Italian) | ਸੋਮਵਾਰ 25 ਮਈ |
| ਲਾਤੀਨੀ (Latin) | ਸੋਮਵਾਰ 8 ਜੂਨ |
| ਵਾਤਾਵਰਨ ਦੇ ਵਸੀਲਿਆਂ ਦਾ ਪ੍ਰਬੰਧ (Managing Environmental Resources) | ਬੁੱਧਵਾਰ 10 ਜੂਨ |
| ਮੈਨਡਰਿਨ ਆਸਾਨ ਕੀਤੀ ਹੋਈ (Mandarin Simplified) | ਸੋਮਵਾਰ 1 ਜੂਨ |
| ਮੈਨਡਰਿਨ ਰਿਵਾਇਤੀ (Mandarin Traditional) | ਸੋਮਵਾਰ 1 ਜੂਨ |
| ਹਿਸਾਬ (Mathematics) | ਵੀਰਵਾਰ 21 ਮਈ |
| ਸੰਚਾਰ ਸਾਧਨ ਅਧਿਐਨ (Media Studies) | ਬੁੱਧਵਾਰ 3 ਜੂਨ |
| ਅਧੁਨਿਕ ਅਧਿਐਨ (Modern Studies) | ਸੋਮਵਾਰ 25 ਮਈ |
| ਸੰਗੀਤ (Music) | ਵੀਰਵਾਰ 7 ਮਈ |
| ਦਾਰਸ਼ਨਕ ਸਿਧਾਂਤ (Philosophy) | ਬੁੱਧਵਾਰ 27 ਮਈ |

| | |
|---|---|
| ਸਰੀਰਕ ਸਿੱਖਿਆ (Physical Education) | ਸੋਮਵਾਰ 1 ਜੂਨ |
| ਭੌਤਕ ਵਿੱਗਿਆਨ (Physics) | ਮੰਗਲਵਾਰ 26 ਮਈ |
| ਵਸਤੂ ਰੇਖਾ ਚਿੱਤਰ (Product Design) | ਸ਼ੁੱਕਰਵਾਰ 22 ਮਈ |
| ਮਨੋਵਿਗਆਨ (Psychology) | ਸੋਮਵਾਰ 8 ਜੂਨ |
| ਧਾਰਮਿਕ, ਨੈਤਕ ਅਤੇ ਦਾਰਸ਼ਨਿਕ ਅਧਿਐਨ (Religious, Moral and Philosophical Studies) | ਸੋਮਵਾਰ 1 ਜੂਨ |
| ਰੂਸੀ (Russian) | ਸ਼ੁੱਕਰਵਾਰ 5 ਜੂਨ |
| ਸਮਾਜ ਸ਼ਾਸਤਰ (Sociology) | ਸ਼ੁੱਕਰਵਾਰ 12 ਜੂਨ |
| ਸਪੈਨਿਸ਼ (Spanish) | ਮੰਗਲਵਾਰ 19 ਮਈ |
| ਟੈਕਨਾਲੋਜੀ ਅਧਿਐਨ (Technological Studies) | ਸੋਮਵਾਰ 8 ਜੂਨ |
| ਸ਼ਫਰ ਅਤੇ ਯਾਤਰਾ (Travel and Tourism) | ਵੀਰਵਾਰ 4 ਜੂਨ |

## ਹਾਈਅਰ (Higher)

**ਕੋਰਸ** **ਤਾਰੀਖ(ⁱ)**

| | |
|---|---|
| ਲੇਖਾਕਾਰੀ (Accounting) | ਮੰਗਲਵਾਰ 2 ਜੂਨ |
| ਸੰਚਾਲਨ (Administration) | ਬੁੱਧਵਾਰ 20 ਮਈ |
| ਭਵਨ ਨਿਰਮਾਣ ਟੈਕਨਾਲੋਜੀ (Architectural Technology) | ਵੀਰਵਾਰ 11 ਜੂਨ |
| ਕਲਾ ਅਤੇ ਰੂਪਰੇਖਾ (Art and Design) | ਸ਼ੁੱਕਰਵਾਰ 5 ਜੂਨ |
| ਜੀਵ ਵਿਗਿਆਨ (Biology) | ਵੀਰਵਾਰ 28 ਮਈ |
| ਜੀਵਤਕਨੋਲੋਜੀ (Biotechnology) | ਸ਼ੁੱਕਰਵਾਰ 22 ਮਈ |
| ਭਵਨ ਉਸਾਰੀ (Building Construction) | ਬੁੱਧਵਾਰ 10 ਜੂਨ |
| ਕਾਰੋਬਾਰੀ ਪ੍ਰਬੰਧ (Business Management) | ਸੋਮਵਾਰ 18 ਮਈ |
| ਦੇਖਭਾਲ (Care) | ਮੰਗਲਵਾਰ 9 ਜੂਨ |
| ਰਸਾਇਣ ਵਿਗਿਆਨ (Chemistry) | ਬੁੱਧਵਾਰ 3 ਜੂਨ |
| ਪ੍ਰਾਚੀਨ ਯੂਨਾਨੀ ਸਾਹਿਤ (Classical Greek) | ਸੋਮਵਾਰ 25 ਮਈ |
| ਪ੍ਰਾਚੀਨ ਅਧਿਐਨ (Classical Studies) | ਵੀਰਵਾਰ 4 ਜੂਨ |
| ਕੰਪਿਊਟਿੰਗ (Computing) | ਵੀਰਵਾਰ 4 ਜੂਨ |
| ਨਾਟਕ (Drama) | ਸੋਮਵਾਰ 18 ਮਈ |
| ਅਰੰਭਕ ਵਿੱਦਿਆ ਅਤੇ ਬਾਲਸੰਭਾਲ (Early Education and Childcare) | ਵੀਰਵਾਰ 11 ਜੂਨ |
| ਅਰਥ ਸ਼ਾਸਤਰ (Economics) | ਮੰਗਲਵਾਰ 26 ਮਈ |
| ਅੰਗਰੇਜ਼ੀ (English) | ਸ਼ੁੱਕਰਵਾਰ 15 ਮਈ |
| ਦੂਜੀਆਂ ਭਾਸ਼ਾਵਾਂ ਬੋਲਣ ਵਾਲਿਆਂ ਲਈ ਅੰਗਰੇਜ਼ੀ (English for Speakers of Other Languages) | ਸ਼ੁੱਕਰਵਾਰ 15 ਮਈ |
| ਲੋਹੇ ਦੀ ਘੜਤ ਅਤੇ ਵੈਲਡਿੰਗ ਇੰਜਨੀਰਿੰਗ (Fabrication and Welding Engineering) | ਮੰਗਲਵਾਰ 9 ਜੂਨ |
| ਫ਼ਰਾਂਸੀਸੀ (French) | ਸ਼ੁੱਕਰਵਾਰ 22 ਮਈ |
| ਗੇਲਿਕ (ਸਿੱਖਾਂਦਰੂ) (Gaelic (Learners) | ਬੁੱਧਵਾਰ 3 ਜੂਨ |
| ਗੇਡਹਲਿੱਗ (Gàidhlig) | ਬੁੱਧਵਾਰ 3 ਜੂਨ |
| ਭੂਗੋਲ ਵਿੱਦਿਆ (Geography) | ਬੁੱਧਵਾਰ 27 ਮਈ |
| ਭੂ ਵਿਗਿਆਨ (Geology) | ਸ਼ੁੱਕਰਵਾਰ 29 ਮਈ |
| ਜਰਮਨ (German) | ਬੁੱਧਵਾਰ 20 ਮਈ |
| ਚਿਤਰਕਾਰੀ ਸੰਚਾਰ (Graphic Communication) | ਵੀਰਵਾਰ 28 ਮਈ |
| ਇਤਿਹਾਸ (History) | ਮੰਗਲਵਾਰ 2 ਜੂਨ |
| ਘਰੇਲੂ ਅਰਥ ਪ੍ਰਬੰਧ: ਫੈਸ਼ਨ ਅਤੇ ਕੱਪੜਾ ਤਕਨੋਲੋਜੀ (Home Economics: Fashion and Textile Technology) | ਮੰਗਲਵਾਰ 9 ਜੂਨ |
| ਘਰੇਲੂ ਅਰਥ ਪ੍ਰਬੰਧ: ਸਿਹਤ ਅਤੇ ਭੋਜਨ ਟੈਕਨਾਲੋਜੀ (Home Economics: Health and Food Technology) | ਮੰਗਲਵਾਰ 9 ਜੂਨ |
| ਘਰੇਲੂ ਅਰਥ ਪ੍ਰਬੰਧ: ਜੀਵਨ ਰਹਿਣੀ ਬਹਿਣੀ ਅਤੇ ਖਪਤਕਾਰ ਟੈਕਨਾਲੋਜੀ (Home Economics: Lifestyle and Consumer Technology) | ਮੰਗਲਵਾਰ 9 ਜੂਨ |
| ਪਰਾਹੁਣਾਚਾਰੀ: ਪੇਸ਼ਾਵਰ ਰਸੋਈ ਸਿੱਖਿਆ (Hospitality: Professional Cookery) | ਬੁੱਧਵਾਰ 10 ਜੂਨ |
| ਮਨੁੱਖੀ ਜੀਵ ਵਿਗਿਆਨ (Human Biology) | ਵੀਰਵਾਰ 28 ਮਈ |
| ਜਾਣਕਾਰੀ ਵਿਵਸਥਾਵਾਂ (Information Systems) | ਸ਼ੁੱਕਰਵਾਰ 29 ਮਈ |
| ਇਤਾਲਵੀ (Italian) | ਸੋਮਵਾਰ 25 ਮਈ |
| ਲਾਤੀਨੀ (Latin) | ਸੋਮਵਾਰ 8 ਜੂਨ |
| ਵਾਤਾਵਰਨ ਦੇ ਵਸੀਲਿਆਂ ਦਾ ਪ੍ਰਬੰਧ (Managing Environmental Resources) | ਬੁੱਧਵਾਰ 10 ਜੂਨ |
| ਹਿਸਾਬ (Mathematics) | ਵੀਰਵਾਰ 21 ਮਈ |
| ਮੈਕਾਟਰੋਨਿਕਸ (Mechatronics) | ਸ਼ੁੱਕਰਵਾਰ 12 ਜੂਨ |
| ਸੰਚਾਰ ਸਾਧਨ ਅਧਿਐਨ (Media Studies) | ਬੁੱਧਵਾਰ 3 ਜੂਨ |

| | |
|---|---|
| ਅਧੁਨਿਕ ਅਧਿਐਨ (Modern Studies) | ਸੋਮਵਾਰ 25 ਮਈ |
| ਸੰਗੀਤ (Music) | ਮੰਗਲਵਾਰ 26 ਮਈ |
| ਦਾਰਸ਼ਨਕ ਸਿਧਾਂਤ (Philosophy) | ਬੁੱਧਵਾਰ 27 ਮਈ |
| ਸਰੀਰਕ ਸਿੱਖਿਆ (Physical Education) | ਸੋਮਵਾਰ 1 ਜੂਨ |
| ਭੌਤਕ ਵਿੱਗਿਆਨ (Physics) | ਮੰਗਲਵਾਰ 26 ਮਈ |
| ਸਿਆਸਤ (Politics) | ਵੀਰਵਾਰ 11 ਜੂਨ |
| ਵਸਤੂ ਰੇਖਾ ਚਿੱਤਰ (Product Design) | ਸ਼ੁੱਕਰਵਾਰ 22 ਮਈ |
| ਮਨੋਵਿਗਆਨ (Psychology) | ਸੋਮਵਾਰ 8 ਜੂਨ |
| ਧਾਰਮਿਕ, ਨੈਤਕ ਅਤੇ ਦਾਰਸ਼ਨਿਕ ਅਧਿਐਨ (Religious, Moral and Philosophical Studies) | ਸੋਮਵਾਰ 1 ਜੂਨ |
| ਰੂਸੀ (Russian) | ਸ਼ੁੱਕਰਵਾਰ 5 ਜੂਨ |
| ਸਮਾਜ ਸ਼ਾਸਤਰ (Sociology) | ਸ਼ੁੱਕਰਵਾਰ 12 ਜੂਨ |
| ਸਪੈਨਿਸ਼ (Spanish) | ਸ਼ੁੱਕਰਵਾਰ 5 ਜੂਨ |
| ਤਕਨੀਕੀ ਸਿੱਖਿਆ (Technological Studies) | ਸ਼ੋਮਵਾਰ 8 ਜੂਨ |
| ਸਫ਼ਰ ਅਵੇ ਯਾਤਰਾ (Travel and Tourism) | ਵੀਰਵਾਰ 4 ਜੂਨ |
| ਉੜਦੂ (Urdu) | ਵੀਰਵਾਰ 21 ਮਈ |

## ਐਡਵਾਂਸਡ ਹਾਈਅਰ (Advanced Higher)

**ਕੋਰਸ** **ਤਾਰੀਖ(ⁱ)**

| | |
|---|---|
| ਲੇਖਾਕਾਰੀ (Accounting) | ਮੰਗਲਵਾਰ 2 ਜੂਨ |
| ਸੰਚਾਲਨ (Administration) | ਬੁੱਧਵਾਰ 20 ਮਈ |
| ਐਪਲਾਈਡ ਹਿਸਾਬ (Applied Mathematics) | ਸੋਮਵਾਰ 25 ਮਈ |
| ਜੀਵ ਵਿਗਿਆਨ (Biology) | ਵੀਰਵਾਰ 28 ਮਈ |
| ਕਾਰੋਬਾਰੀ ਪ੍ਰਬੰਧ (Business Management) | ਮੰਗਲਵਾਰ 19 ਮਈ |
| ਰਸਾਇਣ ਵਿਗਿਆਨ (Chemistry) | ਬੁੱਧਵਾਰ 3 ਜੂਨ |
| ਪ੍ਰਾਚੀਨ ਯੂਨਾਨੀ ਸਾਹਿਤ (Classical Greek) | ਸੋਮਵਾਰ 25 ਮਈ |
| ਪ੍ਰਾਚੀਨ ਅਧਿਐਨ (Classical Studies) | ਵੀਰਵਾਰ 4 ਜੂਨ |
| ਕੰਪਿਊਟਿੰਗ (Computing) | ਵੀਰਵਾਰ 4 ਜੂਨ |
| ਨਾਟਕ (Drama) | ਸੋਮਵਾਰ 18 ਮਈ |
| ਅਰਥ ਸ਼ਾਸਤਰ (Economics) | ਮੰਗਲਵਾਰ 26 ਮਈ |
| ਅੰਗਰੇਜ਼ੀ (English) | ਸ਼ੁੱਕਰਵਾਰ 15 ਮਈ |
| ਫ਼ਰਾਂਸੀਸੀ (French) | ਸ਼ੁੱਕਰਵਾਰ 22 ਮਈ |
| ਗੇਲਿਕ (ਸਿੱਖਾਂਦਰੂ) (Gaelic (Learners) | ਬੁੱਧਵਾਰ 3 ਜੂਨ |
| ਗੇਡਹਲਿੱਗ (Gàidhlig) | ਬੁੱਧਵਾਰ 3 ਜੂਨ |
| ਭੂਗੋਲ ਵਿੱਦਿਆ (Geography) | ਬੁੱਧਵਾਰ 27 ਮਈ |
| ਜਰਮਨ (German) | ਬੁੱਧਵਾਰ 20 ਮਈ |
| ਚਿਤਰਕਾਰੀ ਸੰਚਾਰ (Graphic Communication) | ਵੀਰਵਾਰ 28 ਮਈ |
| ਇਤਿਹਾਸ (History) | ਮੰਗਲਵਾਰ 2 ਜੂਨ |
| ਘਰੇਲੂ ਅਰਥ ਪ੍ਰਬੰਧ: ਸਿਹਤ ਅਤੇ ਭੋਜਨ ਟੈਕਨਾਲੋਜੀ (Home Economics: Health and Food Technology) | ਮੰਗਲਵਾਰ 9 ਜੂਨ |
| ਜਾਣਕਾਰੀ ਵਿਵਸਥਾਵਾਂ (Information Systems) | ਸ਼ੁੱਕਰਵਾਰ 29 ਮਈ |
| ਇਤਾਲਵੀ (Italian) | ਸੋਮਵਾਰ 25 ਮਈ |
| ਲਾਤੀਨੀ (Latin) | ਸੋਮਵਾਰ 8 ਜੂਨ |
| ਹਿਸਾਬ (Mathematics) | ਵੀਰਵਾਰ 21 ਮਈ |
| ਸੰਚਾਰ ਸਾਧਨ ਅਧਿਐਨ (Media Studies) | ਬੁੱਧਵਾਰ 3 ਜੂਨ |
| ਆਧੁਨਿਕ ਅਧਿਐਨ (Modern Studies) | ਸੋਮਵਾਰ 25 ਮਈ |
| ਸੰਗੀਤ (Music) | ਮੰਗਲਵਾਰ 26 ਮਈ |
| ਭੌਤਕ ਵਿੱਗਿਆਨ (Physics) | ਮੰਗਲਵਾਰ 26 ਮਈ |
| ਵਸਤੂ ਰੇਖਾ ਚਿੱਤਰ (Product Design) | ਸ਼ੁੱਕਰਵਾਰ 22 ਮਈ |
| ਧਾਰਮਿਕ, ਨੈਤਕ ਅਤੇ ਦਾਰਸ਼ਨਿਕ ਅਧਿਐਨ (Religious, Moral and Philosophical Studies) | ਸੋਮਵਾਰ 1 ਜੂਨ |
| ਸਪੈਨਿਸ਼ (Spanish) | ਸ਼ੁੱਕਰਵਾਰ 5 ਜੂਨ |
| ਤਕਨੀਕੀ ਸਿੱਖਿਆ (Technological Studies) | ਸੋਮਵਾਰ 8 ਜੂਨ |

# ਮੇਰੀ ਇਮਤਿਹਾਨ ਦੀ ਸਮਾਂ ਸਾਰਨੀ

ਨਾਂ ______________________________

ਐਸ.ਸੀ.ਐਨ.(SCN) | | | | | | | | | | | ਕੇਂਦਰ ਦਾ ਨਾਂ ______________

| ਮਜ਼ਬੂਨ | ਦਰਜਾ। | ਤਾਰੀਖ਼ | ਅਰੰਭ ਸਮਾਂ | ਸਮਾਪਿਤ ਸਮਾਂ | ਕਿੱਥੇ? | ਡੈਸਕ/ਕੁਰਸੀ ਨੰਬਰ | ਮੈਨੂੰ ਨਾਲ ਕੀ ਲਿਆਉਣਾ ਚਾਹੀਦਾ ਹੈ?* |
|---|---|---|---|---|---|---|---|
| *ਅੰਗਰੇਜ਼ੀ (English)* | *ਇੰਟ (Int) 1* | *15 ਮਈ* | *ਦੁਪੈਹਰ 1ਵਜੇ* | *ਦੁਪੈਹਰ 2 ਵਜੇ* | *ਕਮਰਾ 12* | *7* | *ਪੈਨ* |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |
| | | | | | | | |

## ਨੋਟ

- ਪਹਿਲੀ ਕਤਾਰ ਕੇਵਲ ਉਦਾਹਰਨ ਹੈ।
- ਆਪਣੇ ਅਧਿਆਪਕ ਜਾਂ ਲੈਕਚਰਾਰ ਨੂੰ ਆਪਣੇ ਸਕੌਟਿਸ਼ ਪ੍ਰੀਖਿਆਰਥੀ ਨੰਬਰ (SCN) ਲਈ ਬੇਨਤੀ ਕਰੋ। ਤੁਹਾਨੂੰ ਇਹ ਜਾਣਕਾਰੀ ਤੁਹਾਡੀਆਂ ਇਮਤਿਹਾਨ ਦੀਆਂ ਉੱਤਰ ਕਾਪੀਆਂ ਵਿੱਚ ਦੇਣ ਲਈ ਬੇਨਤੀ ਕੀਤੀ ਜਾਵੇਗੀ।

* ਯਾਦ ਰੱਖੋ: ਤੁਹਾਨੂੰ ਵਸਤੂਪਰਕ ਟੈਸਟਾਂ ਲਈ ਏਚ.ਬੀ. (HB) ਪੈਨਸਲ ਅਤੇ ਮਿਟਾਉਣ ਵਾਲੀ ਰਬੜ ਦੀ ਲੋੜ ਹੋਵੇਗੀ।

# ਤੁਹਾਡੇ ਇਮਤਿਹਾਨ

| ਸਧਾਰਨ | ਵਿਹਾਰ |
|---|---|
| ✓ ਸਮੇਂ ਤੋਂ ਪਹਿਲਾਂ ਪਹੁੰਚੋਂ — ਇਮਤਿਹਾਨ ਅਰੰਭ ਹੋਣ ਤੋਂ ਕਰੀਬ10 ਮਿੰਟ ਪਹਿਲਾਂ<br>✓ ਜਾਂਚ ਕਰੋ ਕਿ ਤੁਹਾਨੂੰ ਸਹੀ ਇਮਤਿਹਾਨ ਪੇਪਰ ਦਿੱਤਾ ਗਿਆ ਹੈ<br>✓ ਲਿੱਖਤ ਦੇ ਅੱਗੇ ਆਪਣਾ ਸੱਭ ਵੇਰਵਾ ਭਰੋ<br>✓ ਸੱਭ ਨਿਰਦੇਸ਼ ਪੜ੍ਹੋ ਅਤੇ ਸੱਭ ਕੀਤੇ ਐਲਾਨ ਜਾਂ ਦਿੱਤੇ ਵਾਧੂ ਨਿਰਦੇਸ਼ ਧਿਆਨ ਨਾਲ ਸੁਣੋ<br>✓ ਸਹੀ ਸਾਜੋ ਸਮਾਨ ਲਿਜਾਓ — ਪੈਨ, ਏਚ.ਬੀ. ਪੈਨਸਲਾਂ ਆਦਿ<br>✓ ਆਖਰੀ ਉੱਤਰ ਲਿੱਖਣ ਤੋਂ ਬਾਦ ਸੱਭ ਕੱਚੀ ਲਿੱਖਤ ਮਿਟਾਉਣੀ ਯਾਦ ਰੱਖੋ<br>✓ ਜੇ ਤੁਹਾਡੀ ਸਿਹਤ ਠੀਕ ਨਾ ਹੋਵੇ, ਤਾਂ ਨਿਗਰਾਨ ਨੂੰ ਦੱਸੋ<br>✓ ਆਪਣਾ ਨਾਂ ਅਤੇ ਸਕੌਟਿਸ਼ ਪ੍ਰੀਖਿਆਰਥੀ ਨੰਬਰ (SCN) ਹਰ ਇੱਕ ਕੰਮ ਦੇ ਹਿੱਸੇ /ਪੇਪਰ ਦੇ ਟੁੱਕੜੇ ਉੱਪਰ ਲਿੱਖੋ<br>✓ ਇਮਤਿਹਾਨ ਸਮਾਪਿਤ ਹੋਣ ਤੱਕ ਕਮਰੇ ਵਿੱਚ ਰਹੋ — ਤੁਸੀਂ ਸਮੇਂ ਤੋਂ ਪਹਿਲਾਂ ਨਿਗਰਾਨ ਦੀ ਆਗਿਆ ਨਾਲ ਹੀ ਜਾ ਸਕਦੇ ਹੋ | ✗ ਕਿਸੇ ਦੀ ਮਦਦ ਨਾ ਕਰੋ, ਨਾ ਹੀ ਕਿਸੇ ਤੋਂ ਮਦਦ ਲਉ<br>✗ ਗੜ ਬੜ ਨਾ ਕਰੋ — ਤੁਹਾਨੂੰ ਕਮਰੇ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਤੁਹਾਡਾ ਕੰਮ ਮਨਸੂਖ ਕੀਤਾ ਜਾ ਸਕਦਾ ਹੈ<br>✗ ਕਿਸੇ ਨਾਲ ਸਾਜੋ ਸਮਾਨ ਸਾਂਝਾ ਨਾ ਕਰੋ<br><br>**ਤੁਹਾਡੇ ਕੋਲ ਹੇਠਾਂ ਲਿੱਖੀਆਂ ਚੀਜ਼ਾਂ ਵਿੱਚੋਂ ਕੋਈ ਵੀ ਨਾਲ ਨਹੀਂ ਹੋਣੀਆਂ ਚਾਹੀਦੀ:**<br><br>• ਮੋਬਾਇਲ ਫ਼ੋਨ<br>• ਕਲਕਿਊਲੇਟਰ ਜਾਂ ਅਣ ਉਚਿੱਤ ਅੰਕੜਿਆਂ ਵਾਲਾ ਇਲੈਕਟਰੌਨਿਕ ਸ਼ਬਦਕੋਸ਼<br>• ਡੀਜੀਟਲ ਸੁਣਨ ਵਾਲਾ ਜੰਤਰ, ਉਦਾਹਰਨ ਵੱਜੋਂ ਐਮ.ਪੀ.3 ਪਲੇਅਰ<br>• ਪੈਂਸਲ ਕੇਸ/ਕਲਕਿਊਲੇਟਰ ਕੇਸ<br>• ਸਪੈਲਚੈਕਰ<br>• ਕਿਤਾਬਾਂ, ਲਿੱਖਤਾਂ, ਛਾਪਾਂ ਜਾਂ ਕਾਗਜ਼ |

ਇਹ ਦਸਤਾਵੇਜ਼, ਮੰਗ ਕਰਨ ਤੇ, ਹੋਰ ਰੂਪਾਂ ਵਿੱਚ ਉੱਤਪਾਦਿੱਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿੱਚ ਵੱਡੀ ਛਪਾਈ, ਬ੍ਰੇਲ ਅਤੇ ਬਹੁਤ ਗਿਣਤੀ ਦੀਆਂ ਭਾਈਚਾਰਿਕ ਭਾਸ਼ਾਵਾਂ ਵੀ ਸ਼ਾਮਲ ਹਨ।

ਵਧੇਰੇ ਜਾਣਕਾਰੀ ਲਈ ਸਾਨੂੰ ਇਸ ਨੰਬਰ ਤੇ ਫ਼ੋਨ ਕਰੋ

0845 279 1000.

ਗਾਹਕ ਸੰਪਰਕ ਕੇਂਦਰ (Customer Contact Centre)

ਫ਼ੋਨ: 0845 279 1000 ਈਮੇਲ: customer@sqa.org.uk ਵੈਬ: www.sqa.org.uk

BD1529 ਮਾਰਚ 2009